# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਦਾ ਸਾਹਮਣਾ ਦ੍ਰਿਸ਼

April 1978

ਅਪ੍ਰੈਲ ੧੯੭੮



੧੬੯੯ ਈਸਵੀ ਦੀ ਵੈਸਾਖੀ ਤੇ ਦਸਮੇਸ਼ ਜੀ ਨੇ ਇਸ ਅਸਥਾਨ ਤੇ ਖੰਡੇ ਦੀ ਧਾਰ ਤੇ ਸਿੱਖੀ ਨੂੰ ਪਰਖਿਆ ਅਤੇ ਖੰਡੇ ਦਾ ਅੰਮ੍ਰਿਤ ਛਕਾ ਨਿਰਭੈ ਖ਼ਾਲਸਾ ਸਾਜਿਆ ।

www.AKJ.Org

# ਤਤਕਰਾ


| | | |
|---|---|---|
| ਨਾਨਕ ਵੈਸਾਖੀਂ ਪ੍ਰਭੁ ਭਾਵੈ | ਤੁਖਾਰੀ ਛੰਤ ਮਹਲਾ ੧ | ੧ |
| ਇੱਕ ਦੀ ਉਪਾਸ਼ਨਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਪੋਥੀ ਪਰਮੇਸਰ ਕਾ ਥਾਨੁ | ,, ,, ,, | ੬ |
| ਅੰਮ੍ਰਿਤ ਵੇਲਾ | ਸੁਕੈਡਰਨ ਲੀਡਰ ਭਾਈ ਰਾਮ ਸਿੰਘ ਜੀ | ੭ |
| ਪਾਗਲ-ਪਨ | ਮਾਸਟਰ ਤਾਰਾ ਸਿੰਘ ਜੀ | ੧੩ |
| ਬਾਣੀ ਬੀਚਾਰੀਐ ਜੀਉ [੨] | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ | ੧੪ |
| ਨਿਰਮਾਣ ਸੇਵਾ | ਬੀਬੀ ਇਕਬਾਲ ਕੌਰ ਜੀ | ੧੬ |
| ਸਿਖ ਇਸਤ੍ਰੀਆਂ ਤੇ ਲੋਹ ਟੋਪ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੨੦ |
| ਧੰਨਾ ਭਗਤ [ਡਿਉਢ ਛੰਦ] | ਸ: ਸਾਧੂ ਸਿੰਘ ਜੀ ਸੂਫ਼ੀ | ੨੨ |
| ਪੰਥ ਸਾਜਨਾ ਦਿਵਸ [ਕਵਿਤਾ] | ਗਿ: ਗੋਪਾਲ ਸਿੰਘ ਜੀ ਮਿਤਰ | ੨੩ |
| ਤੇਲਗੂ ਫ਼ਿਲਮਾਂ 'ਚ ਸਿੱਖੀ ਤੇ ਹਮਲੇ | 'ਗੁਰਮਤਿ ਵਿਚਾਰ ਪਤ੍ਰਕਾ' | ੨੪ |
| ਖ਼ਾਲਸਾ ਪੰਥ ਤੇ ਵਿਸਾਖੀ | ਜੇ. ਪੀ. ਸੰਗਤ ਸਿੰਘ ਜੀ | ੨੫ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ [੫] | ਕੈਪਟਨ ਸਵਰਨ ਸਿੰਘ ਜੀ | ੩੩ |
| ਸਿਖ ਬੀਬੀਆਂ ਤੇ ਲੋਹ-ਟੋਪ-ਕਾਨੂੰਨ | ਸ: ਮਨੋਹਰ ਸਿੰਘ ਜੀ ਦਰਦੀ | ੩੮ |
| ਅੰਮ੍ਰਿਤ ਛਕ ਕੇ ਜਨਮ ਸਫਲ ਕਰ [ਕਵਿਤਾ] | ਗਿ: ਗੋਪਾਲ ਸਿੰਘ ਜੀ ਮਿਤਰ | ੩੯ |


## ਅਪ੍ਰੈਲ ੧੯੭੮ ਵਿਚ ਗੁਰਪੁਰਬ

| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਗੁਰਿਆਈ | ੫ ਅਪ੍ਰੈਲ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੮ ਅਪ੍ਰੈਲ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੧੧ ਅਪ੍ਰੈਲ | ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤਿ | ੧੨ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਿਆਈ | ੨੨ ਅਪ੍ਰੈਲ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ | ੨੨ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਵਤਾਰ | ੨੭ ਅਪ੍ਰੈਲ | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੨੯ ਅਪ੍ਰੈਲ |

ਵੈਸਾਖੀ [ਖ਼ਾਲਸੇ ਦਾ ਜਨਮ ਦਿਵਸ] ਅਤੇ ਖ਼ਾਲਸਾ ਸੰਮਤ ੨੮੦ ਸ਼ੁਰੂ ੧੩ ਅਪ੍ਰੈਲ

---

## ਭਾਈ ਸਾਹਿਬ ਜੀ ਦੀਆਂ ਪ੍ਰੇਮ-ਪਾਤੀਆਂ

ਜਿਨ੍ਹਾਂ ਗੁਰਮੁਖ ਪਿਆਰਿਆਂ ਪਾਸ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪਠਾਈਆਂ ਹੋਈਆਂ ਪਾਤੀਆਂ ਸੰਭਾਲੀਆਂ ਹੋਈਆਂ ਹੋਣ, ਉਹ ਕਿਰਪਾ ਕਰਕੇ ਉਹ ਪਾਤੀਆਂ 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ ਦੇ ਪਤੇ ਤੇ ਭੇਜ ਦੇਣ। ਜੂਨ ਜੁਲਾਈ ਦੇ ਛਪ ਰਹੇ ਭਾਈ ਸਾਹਿਬ ਨੰਬਰ ਵਿਚ ਉਹ ਪਾਤੀਆਂ ਛਾਪ ਕੇ. ਆਪ ਪਿਆਰਿਆਂ ਨੂੰ ਪੂਰਨ ਜ਼ਿਮੇਵਾਰੀ ਨਾਲ ਵਾਪਸ ਕਰ ਦਿਤੀਆਂ ਜਾਣਗੀਆਂ।

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਗੁਰਮੀਤ ਕੌਰ ਯੂ.ਕੇ. ਵਲੋਂ | 22–29 | ਸ: ਹਰਬੰਸ ਸਿੰਘ ਜੀ ਕਾਲਾ ਕੋਟ (ਜੰਮੂ) ਵਲੋਂ | 7–00 |
| ਸ਼: ਮਸਤਾ ਸਿੰਘ ਜੀ ਡਰਬੀ ਯੂ.ਕੇ. ਵਲੋਂ | 101–00 | ਗੁਪਤਦਾਨ ਤੇ ਫੁਟਕਲ | 6–75 |
| ਸ: ਗੁਰਦੀਪ ਸਿੰਘ ਜੀ ਅੰਮ੍ਰਿਤਸਰ ਵਲੋਂ ਅਨੰਦ ਕਾਰਜ ਦੀ ਖ਼ੁਸ਼ੀ ਵਿਚ | | | 21–00 |
| ਸ: ਰਵੇਲ ਸਿੰਘ ਜੀ ਦੁਰਗ ਵਲੋਂ ਲੜਕੇ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | | | 11–00 |

ਵਾਹਿਗੁਰੂ ਸਭ ਪਿਆਰਿਆਂ ਨੂੰ ਨਾਮ ਦਾਨ, ਸਿੱਖੀ ਸਿਦਕ ਤੇ ਖ਼ੁਸ਼ੀਆਂ ਬਖ਼ਸ਼ਣ ਜੀ।

---


ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਕਤਰ ਸਿੰਘ ਤੋਂ ੧. ੪. ੭੮ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 51847


www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥





| | |
|---|---|
| ਸਾਲਾਨਾ ਚੰਦਾ | ੮-੦੦ |
| ਇਕ ਪਰਚਾ | ੦-੭੫ |

ਪਰਦੇਸ

| | |
|---|---|
| ਸਮੁੰਦਰੀ ਡਾਕ | ੧੮-੫੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ., ਅਫ਼ਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |



ਸੰਪਾਦਕੀ ਬੋਰਡ

ਡਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ — ਅਪ੍ਰੈਲ ੧੯੭੮ — ਅੰਕ ੪


## ਨਾਨਕ ਵੈਸਾਖੀਂ ਪ੍ਰਭੁ ਭਾਵੈ

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥੬॥

[ਤੁਖਾਰੀ ਛੰਤ ਮ: ੧ ਬਾਰਹਮਾਹਾ, ਪੰਨਾ ੧੧੦੯


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :

**ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**



www.AKJ.Org

# ਇੱਕ ਦੀ ਉਪਾਸ਼ਨਾ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸੰਸਾਰ ਭਰ ਵਿੱਚ ਜਿਤਨੇ ਭੀ ਮੱਤ-ਮਤਾਂਤਰ ਹੋਏ ਅਥਵਾ ਹੋ ਹੋ ਕੇ ਮੁਕ ਖਲੋਏ, ਅਤੇ ਹੁਣ ਅੱਜ ਦੀ ਘੜੀ ਹੋਣ ਦਾ ਦਾਅਵਾ ਰਖਦੇ ਹਨ, ਸਭ ਦੇ ਸਭ ਆਪੋ ਆਪਣੇ ਥਾਈਂ 'ਇੱਕ ਦੇ ਉਪਾਸ਼ਕ' ਹੋਣ ਦੇ ਦਾਅਵੇਦਾਰ ਬਣੇ ਬੈਠੇ ਹਨ । ਇਸ 'ਇੱਕ ਦੀ ਉਪਾਸ਼ਨਾ' ਵਲੋਂ ਕੋਈ ਭੀ ਇਕ ਦੂਜੇ ਨਾਲੋਂ ਘਟ ਨਹੀਂ ਸਦਾਉਂਦਾ । ਪਰ ਜਦ ਇਸ ਇਕ ਦੀ ਉਪਾਸ਼ਨਾ ਵਾਲੇ ਅਸਲ ਭਾਵ ਨੂੰ ਦੀਰਘ-ਦ੍ਰਿਸ਼ਟੀ ਦੁਆਰਾ ਵਿਚਾਰ ਕੇ ਦੇਖੀਦਾ ਹੈ, ਤਦ ਕੇਵਲ ਗਲੀਂ ਬਾਤੀਂ ਹੀ ਘਰ ਪੂਰੇ ਹੁੰਦੇ ਦਿਸਦੇ ਹਨ; ਅਮਲੋਂ ਉਰੇ ਅਤੇ ਫੋਕੇ ਦਾਅਵੇ ਹੀ ਦਾਅਵੇ ਨਿਕਲਦੇ ਹਨ । ਜਿਨ੍ਹਾਂ ਮਤਾਂ ਦੇ ਅਸੂਲ ਅੰਦਰ ਹੀ 'ਇਕ ਦੀ ਉਪਾਸ਼ਨਾ' ਅਸਲੋਂ ਹੈ ਨਹੀਂ, ਉਹ ਤਾਂ ਉੱਕੇ ਹੀ 'ਇੱਕ ਦੇ ਉਪਾਸ਼ਕ' ਨਹੀਂ ਬਣ ਸਕਦੇ । 'ਇੱਕ ਦੇ ਉਪਾਸ਼ਕ' ਬਣ ਸਕਣਾ ਤਾਂ ਕਿਤੇ ਰਿਹਾ ਉਥੇ ਤਾਂ 'ਇੱਕ' ਅਤੇ 'ਇੱਕ ਦੀ ਉਪਾਸ਼ਨਾ' ਦੀ ਸੂਝ ਬੂਝ ਹੀ ਨਹੀਂ ਹੋ ਸਕਦੀ, ਪਰ ਜਿਸ ਮੱਤ ਦੇ ਅੰਦਰ 'ਇੱਕ ਦੀ ਉਪਾਸ਼ਨਾ' ਵਾਲਾ ਅਸੂਲ ਕੁੱਟ ਕੁੱਟ ਕੇ ਭਰਿਆ ਹੋਵੇ, ਓਸ ਮੱਤ ਅੰਦਰ ਭੀ ਜੇ ਓਸ ਮੱਤ ਦੇ ਪੈਰੋਕਾਰ, ਅਰਥਾਤ ਓਸ ਮੱਤ ਉਤੇ ਚਲਣ ਦੇ ਦਾਅਵੇਦਾਰ ਇਸ 'ਇੱਕ ਦੀ ਉਪਾਸ਼ਨਾ' ਵਾਲੇ ਅਸੂਲ ਤੋਂ ਘੁੱਥੇ ਚਲੇ ਜਾਂਦੇ ਹੋਣ ਅਤੇ 'ਇੱਕ ਦੇ ਉਪਾਸ਼ਕ' ਬਣਨੋਂ ਰਹਿ ਖੜੋਤੇ ਹੋਣ ਤਦ ਦੂਜੇ ਮੱਤ-ਮਤਾਂਤਰਾਂ ਦਾ ਕੀ ਵੱਟੀਦਾ ਹੈ, ਉਨ੍ਹਾਂ ਦੇ ਘੁੱਥ ਜਾਣ ਦਾ ਤਾਂ ਠਿਕਾਣਾ ਹੀ ਕੁਛ ਨਹੀਂ ।

ਇਸ ਵਰਤਮਾਨ ਸਮੇਂ ਵਿਚ ਜਿੰਨੇ ਭੀ ਮੱਤ-ਮਤਾਂਤਰ ਹਨ, ਤਿਨ੍ਹਾਂ ਵਿਚੋਂ 'ਇੱਕ ਦੀ ਉਪਾ-ਸ਼ਨਾ' ਵਿੱਚ ਮੰਨਿਆ ਪਰਮੰਨਿਆ ਮੱਤ ਹੈ ਤਾਂ ਕੇਵਲ 'ਗੁਰਮਤਿ' ਹੈ । ਐਥੋਂ ਤੀਕ ਕਿ 'ਇੱਕ' ਦੀ ਨਿਰੋਲ ਉਪਾਸ਼ਨਾ ਜੇ ਹੈ ਤਾਂ ਕੇਵਲ 'ਗੁਰਮਤਿ' ਅੰਦਰ ਹੀ ਹੈ ।

ਏਸ ਨਿਰੋਲਤਾ ਦੇ ਕਾਰਨ ਹੀ ਗੁਰਮਤਿ, ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ । ਏਸ ਗੱਲ ਨੂੰ ਅਨਮਤੀਆਂ ਅਤੇ ਗੁਰਮਤਿ ਦੇ ਸੁਸ਼ਕ ਵਿਸ਼ਵਾਸੀਆਂ ਪ੍ਰਤਿ ਭਲੀ ਪ੍ਰਕਾਰ ਸਿੱਧ ਅਤੇ ਨਿਸ-ਚਤ ਕਰਨ ਲਈ ਕਿ 'ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ' "ਗੁਰਮਤਿ ਵਿਹੂਣ ਹੋਰ ਕੋਈ ਮੱਤ ਭੀ ਮੱਤ ਅਰਥਾਤ ਧਰਮ ਨਹੀਂ" ਨਾਮੇ ਵਖਰੇ ਲੇਖ ਦੁਆਰਾ ਨਿਰਣਾ ਕੀਤਾ ਜਾ ਸਕਦਾ ਹੈ ।

ਪਰ ਏਸ ਲੇਖ ਅੰਦਰ ਕੇਵਲ ਇਸ ਗੱਲ ਦਾ ਨਿਰਣਾ ਹੀ ਕਰਨਾ ਹੈ ਕਿ ਜਿਸ ਗੁਰਮਤਿ ਅੰਦਰ 'ਇੱਕ ਦੀ ਉਪਾਸ਼ਨਾ' ਵਾਲਾ ਅਸੂਲ ਹੋਰ ਸਭਨਾਂ ਅਸੂਲਾਂ ਤੋਂ ਮੁਖ ਅਤੇ ਮੰਨਿਆ ਦੰਨਿਆ ਅਸੂਲ ਹੈ, ਉਸ ਗੁਰਮਤਿ ਉਤੇ ਚਲਣ ਦੇ ਦਾਅਵੇਦਾਰ ਕਿਥੇ ਕੁ ਤਾਈਂ ਇਸ 'ਇੱਕ ਦੀ ਉਪਾਸ਼ਨਾ' ਵਾਲੇ ਅਸੂਲ ਦੇ ਅਨੁਸਾਰੀ ਹਨ । ਅਸਾਡੇ ਸਿੱਖ ਮੱਤ ਦੇ ਅਨੇਕਾਂ ਉਪਦੇਸ਼ਕ ਲੋਕਾਂ ਪ੍ਰਤੀ 'ਇੱਕ ਦੀ ਉਪਾਸ਼ਨਾ' ਦ੍ਰਿੜ੍ਹਾਉਣ ਹਿਤ "ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ ॥ ਏਕੋ ਸਿਮਰੋ ਨਾਨਕਾ ਜਲਿ ਥਲਿ ਰਹਿਆ ਸਮਾਇ" ਵਾਲੀ ਗੁਰਦੀਖਿਆ ਨੂੰ ਉਚੀ ਉਚੀ ਪੁਕਾਰਦੇ ਸੁਣੀਂਦੇ ਹਨ, ਪਰ ਅਜ ਤਾਈਂ 'ਇੱਕ ਦੀ ਉਪਾਸ਼ਨਾ' ਦੇ ਅਸੂਲ ਤੇ ਚਲਣਾ ਤਾਂ ਕਿਤੇ ਰਿਹਾ, ਆਮ ਤੌਰ ਤੇ 'ਇੱਕ ਦੀ ਉਪਾਸ਼ਨਾ' ਵਾਲੀ ਸੂਝ ਬੂਝ ਹੀ ਨਹੀਂ ਆਈ ਦਿਸਦੀ । ਉਪਦੇਸ਼ ਦੇ ਅੱਜ ਕਲ੍ਹ ਦੇ ਰਿਵਾਜੀ ਮੰਡਲਾਂ ਅੰਦਰ ਇਸ 'ਇੱਕ ਦੀ ਉਪਾਸ਼ਨਾ' ਦੇ ਅਰਥ ਕੇਵਲ ਇਹੋ ਹੀ ਲਾਏ ਤੇ ਦ੍ਰਿੜ੍ਹਾਏ ਜਾਂਦੇ ਹਨ ਕਿ 'ਇਕ ਅਕਾਲ ਪੁਰਖ' ਤੋਂ ਛੁਟ ਹੋਰ ਦੇਵੀ ਦੇਵਤਿਆਂ ਆਦਿ ਦੀ ਉਪਾਸ਼ਨਾ ਨਾ ਕਰਨਾ ਬਸ ਇਹ 'ਇੱਕ ਦੀ ਉਪਾਸ਼ਨਾ' ਹੈ ।



www.AKJ.Org

'ਇਕ ਦੀ ਉਪਾਸ਼ਨਾ' ਦੀ ਏਸੇ ਵਿਆਖਿਆ ਨੂੰ ਮੁਖ ਰਖ ਕੇ ਜਦੋਂ ਦਾ ਸਿੰਘ ਸਭਾ ਦਾ ਪਰਚਾਰ ਹੋਣ ਲਗਾ ਹੈ, ਦੇਵੀ ਦੇਵਤਿਆਂ ਦਾ ਖੰਡਨ ਦਬਾ ਦਬ ਦੀਵਾਨਾਂ ਵਿਚ ਹੁੰਦਾ ਚਲਾ ਆਇਆ ਹੈ। ਐਥੇ ਤਾਈਂ ਕਿ ਦੇਵੀ ਦੇਵਤਿਆਂ ਦਾ ਖੰਡਨ ਕਰਨਾ ਅਤੇ ਹੁੰਦੇ ਸੁਣਨਾ ਹੀ 'ਇੱਕ ਈ ਉਪਾਸ਼ਨਾ' ਵਿਚ ਤਤਪਰ ਹੋਣਾ ਸਮਝਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ 'ਇੱਕ ਦੀ ਉਪਾਸ਼ਨਾ' ਦਾ ਜੋ ਪਰਚਾਰ ਹੋਇਆ, ਉਹ ਕੇਵਲ ਏਥੇ ਤਕ ਹੀ ਹੋਇਆ ਕਿ ਦੇਵੀ ਦੇਵਤਿਆਂ ਦੀ ਮਨੌਤੀ ਹਟ ਗਈ।

ਸਿੰਘ ਸਭਾ ਦੇ ਪਰਚਾਰ ਦੀ ਇਹ ਕਾਮਯਾਬੀ ਭੀ ਧੰਨਤਾ ਯੋਗ ਹੈ, ਪਰ ਖਿਮਾ ਕਰਨਾ, 'ਇਕ ਦੀ ਉਪਾਸ਼ਨਾ' ਦੇ ਅਸੂਲ ਦੇ ਅਸਲ ਸਰੂਪ ਦੇ ਸਾਹਮਣੇ ਇਹ ਕਾਮਯਾਬੀ ਐਵੇਂ ਚਿਤ ਪਰਚਾਵਨਾ ਹੀ ਹੈ। ਦੁਹਾਈ ਦੇ ਕੇ ਕਹਿਣਾ ਪੈਂਦਾ ਹੈ ਕਿ 'ਇੱਕ ਦੀ ਉਪਾਸ਼ਨਾ' ਅਜੇ ਤੀਕ ਦ੍ਰਿੜ੍ਹ ਨਹੀਂ ਹੋਈ। ਦ੍ਰਿੜ੍ਹ ਹੋਣਾ ਤਾਂ ਦੂਰ ਰਿਹਾ, ਅਜੇ ਤਾਈਂ ਇਹ 'ਇਕ ਦੀ ਉਪਾਸ਼ਨਾ' ਦੇ ਅਸਲ ਸਰੂਪ ਦਾ ਅਨੁਮਾਨ ਮਾਤ੍ਰ ਭੀ ਨਹੀਂ ਹੋਇਆ। ਬਸ! "ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ"* ਵਾਲੇ ਗੁਰਵਾਕ ਦੇ ਆਗਿਆਕਾਰ ਅਸੀਂ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਬਣ ਬੈਠੇ ਅਤੇ ਏਸ ਮਨ-ਮੰਨੀ ਆਗਿਆਕਾਰੀ ਦੇ ਤਾਣ ਖਰੇ ਖਾਸੇ 'ਇੱਕ ਦੀ ਉਪਾਸ਼ਨਾ' ਦੇ ਅਨੁਸਾਰੀ ਆਪਣੇ ਆਪ ਨੂੰ ਸਦਾਉਣ ਲਗ ਪਏ। ਪਰ ਇਹ ਬੜੀ ਹੀ ਅਧੋਗਤੀ ਵਾਲੀ ਗੱਲ ਹੈ ਕਿ ਜਦ 'ਇਕ' ਦੇ ਸਰੂਪ ਤੋਂ ਹੀ ਅਸੀਂ ਘੁੱਥੇ ਹੋਏ ਹਾਂ ਤਾਂ 'ਇਕ' ਦੀ ਉਪਾਸ਼ਨਾ ਕਿਥੇ? ਮੰਨਿਆ ਕਿ 'ਇੱਕ ਦੀ ਉਪਾਸ਼ਨਾ' ਤੋਂ ਖੁੰਝਾਉਣ ਤੇ ਭੁਲਉਣ ਵਾਲੀ ਉਪਾਸ਼ਨਾ 'ਦੂਜੇ ਭਾਵ ਦੀ ਉਪਾਸ਼ਨਾ' ਹੈ, ਪਰ ਕੀ ਇਹ ਦੂਜੇ ਭਾਵ ਦੀ ਉਪਾਸ਼ਨਾ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਮੁੱਕ ਖੜੋਤੀ? ਕਦਾਚਿੱਤ ਨਹੀਂ; ਸਗੋਂ ਦੂਣੀ ਚਉਣੀ ਚਿੰਬੜੀ ਹੋਈ ਹੈ। ਦੇਵੀ ਦੇਵਤਿਆਂ ਦੇ ਨਾ ਮੰਨਣ ਵਾਲੇ ਹੋਣ ਤੇ ਅਸੀਂ ਦੂਜੇ ਭਾਵ ਦੀ ਉਪਾਸ਼ਨਾ ਦੇ ਖ਼ਤਰੇ ਤੋਂ ਅਵੇਸਲੇ ਹੋ ਗਏ ਅਤੇ ਏਸ ਅਵੇਸਲੇਪਣ ਵਿਚ ਅਸਲ ਉਪਾਸ਼ਨਾ 'ਇਕ ਦੀ ਉਪਾਸ਼ਨਾ' ਤੋਂ ਕੋਰੇ ਰਖਣ ਵਾਲੀਆਂ ਹੋਰ ਬਲਾਵਾਂ ਸਾਨੂੰ ਅਚਿੰਤੇ ਹੀ ਆ ਚੰਬੜੀਆਂ, ਜਿਨ੍ਹਾਂ ਦੀ ਚਮੇੜ ਸਾਨੂੰ ਕੇਵਲ ਏਸ ਕਮ-ਅਕਲੀ ਦੇ ਕਾਰਨ—ਕਿ ਦੂਜੇ ਭਾਵ ਦੀ ਉਪਾਸ਼ਨਾ ਅਸੀਂ ਦੇਵੀ ਦੇਵਤਿਆਂ ਦੇ ਮੰਨਣ ਵਿਚ ਹੀ ਸਮਝ ਬੈਠੇ ਸੀ——ਪ੍ਰਤੀਤ ਮਾਤਰ ਭੀ ਨਹੀਂ ਹੋ ਰਹੀ।

'ਇਕ ਅਕਾਲ ਪੁਰਖ' ਦੀ ਉਪਾਸ਼ਨਾ ਤੋਂ ਛੁਟ ਹੋਰ ਜਿਤਨੀ ਭੀ ਉਪਾਸ਼ਨਾ ਹੈ, ਸਭ ਦੂਜੇ ਭਾਵ ਦੀ ਉਪਾਸ਼ਨਾ ਹੈ। ਉਪਾਸ਼ਨਾ ਦਾ ਅਰਥ ਆਮ ਤੌਰ ਤੇ ਪੂਜਣਾ ਸਮਝਿਆ ਗਿਆ ਹੈ। ਗੁਰਮਤਿ ਅੰਦਰ 'ਇੱਕੋ ਅਕਾਲ ਪੁਰਖ' ਦੇ ਪਰਾਇਣ ਹੀ ਹੀ ਹਰ ਦਮ ਚਿੱਤ ਬ੍ਰਿਤੀ ਦਾ ਹੋਣਾ 'ਇਕ' ਦੀ ਉਪਾਸ਼ਨਾ ਹੈ। ਇਸ ਬ੍ਰਿਤੀ ਤੋਂ ਉਪਰਾਮ ਹੋਣਾ ਅਰਥਾਤ ਇਕ 'ਅਕਾਲ ਪੁਰਖ' ਨੂੰ ਛੱਡ ਕੇ ਚਿੱਤ ਬ੍ਰਿਤੀ ਦਾ ਦੂਜੇ ਪਾਸੇ ਲਗਣਾ ਇਹ ਗੁਰਮਤਿ ਅਨੁਸਾਰ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਪੂਜਾ ਹੈ। ਦੇਵੀ ਦੇਵਤਿਆਂ ਦੀ ਪੂਜਾ ਤੋਂ ਹਟਾਉਣ ਦਾ ਭਾਵ ਕੇਵਲ ਇਹੋ ਸੀ ਕਿ ਬ੍ਰਿਤੀ ਚੱਤੋ ਪਹਿਰ ਏਧਰ ਖੱਚਤ ਰਹਿਣ ਕਰਕੇ 'ਅਕਾਲ ਪੁਰਖ' ਵਲ ਆਉਣੋਂ ਹੀ ਰਹਿ ਖੜੋਤੀ ਸੀ ਅਤੇ 'ਇਕ ਅਕਾਲ ਪੁਰਖ' ਤੋਂ ਛੁਟ ਦੁਤੀ ਵਸਤ ਵਲ ਲਗ ਰਹੀ ਸੀ। ਪਰ ਜੇਕਰ ਬ੍ਰਿਤੀਆਂ ਦੇਵੀ ਦੇਵਤਿਆਂ ਵਲੋਂ ਤਾਂ ਛੁੜਕ ਖਲੋਤੀਆਂ ਹਨ ਤੇ ਅਕਾਲ ਪੁਰਖ ਵਲ ਅਜੇ ਭੀ ਨਹੀਂ ਲਗੀਆਂ ਤਾਂ ਇਉਂ ਜਾਣੋ ਕਿ ਇਕ ਬਲਾ ਦੇ ਹੱਥੋਂ ਛੁਟ ਕੇ ਦੂਜੀ ਡਾਇਣ ਦੇ ਫੰਧੇ ਵਿਚ ਫਸ ਗਈਆਂ ਹਨ। ਜਦ ਤਕ ਬ੍ਰਿਤੀ ਕਿਸੇ ਨਾ ਕਿਸੇ ਫਾਹੀ ਵਿਚ ਫਸੀ ਹੋਈ ਹੈ ਅਤੇ ਇਕ ਅਕਾਲ ਪੁਰਖ ਵਲ ਨਹੀਂ ਲਗੀ ਤਦ ਤਕ ਦੂਜੇ ਭਾਵ ਦੀ ਉਪਾਸ਼ਨਾ ਨਹੀਂ ਮੁੱਕੀ ਅਤੇ 'ਇੱਕ ਦੀ ਉਪਾਸ਼ਨਾ' ਵਾਲੀ ਦਸ਼ਾ ਪ੍ਰਾਪਤ ਨਹੀਂ ਹੋਈ।

*ਗੂਜਰੀ ਕੀ ਵਾਰ, ਸਲੋਕ ਮ: ੩, ॥੧॥(੨) ਪੰਨਾ ੫੦੯



www.AKJ.Org

ਇੱਕ ਦੀ ਉਪਾਸ਼ਨਾ ਦਾ ਤਤ ਸਰੂਪ ਗੁਰਮਤਿ ਇਸ ਬਿਧਿ ਸੂਚਨਾ ਕਰਾਉਂਦੀ ਹੈ:—

ਏਕੋ ਜਪਿ ਏਕੋ ਸਾਲਾਹਿ ॥
ਏਕੁ ਸਿਮਰਿ ਏਕੋ ਮਨਿ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥
ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
ਅਨਿਕ ਬਿਸਥਾਰ ਏਕ ਤੇ ਭਏ ॥
ਏਕੁ ਅਰਾਧਿ ਪਰਾਛਤ ਗਏ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥

ਗਉੜੀ ਸੁਖਮਨੀ, ਪੰਨਾ ੨੮੯

ਇਹ 'ਇਕ' ਦੀ ਉਪਾਸ਼ਨਾ ਦਾ ਸੱਚਾ ਸਰੂਪ ਹੈ। 'ਇੱਕ ਦੀ ਉਪਾਸ਼ਨਾ' ਦੇ ਸਰੂਪ ਤੋਂ ਬ੍ਰਿਤੀ ਦਾ ਊਰੇ ਤੇ ਊਣੇ ਹੋਣਾ ਹੀ ਦੂਜੇ ਭਾਵ ਦੀ ਉਪਾਸ਼ਨਾ ਵਿਚ ਪਰਵਿਰਤ ਹੋਣਾ ਹੈ, ਜੋ ਨਿਰੀ ਬੁੱਤ-ਪ੍ਰਸਤੀ (ਮੂਰਤੀ ਪੂਜਾ) ਹੈ । ਜੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਅਵੇਸਲੇ ਹੋ ਗਏ ਤਾਂ ਕੀ ਹੋਇਆ ? ਜਦ ਕਿ ਮਾਇਆ ਰੂਪੀ ਡਾਇਣ ਅਤੇ ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਅਤੇ ਪੰਜ ਵਿਕਰਮਾਂ ਰੂਪੀ ਦੈਂਤਾਂ ਅਗੇ ਮੂਜੂ ਬਣੇ ਖੜੇ ਰਹੇ । ਜਿਸ ਦੇਵੀ ਦੇਵਤੇ ਦਾ ਵਜੂਦ ਹੀ ਕਿਸੇ ਨਹੀਂ ਦੇਖਿਆ, ਜੇ ਉਸ ਫ਼ਰਜ਼ੀ ਹਊਏ ਤੋਂ ਮਨ ਹੁਟਕ ਖੜੋਤਾ ਹੈ ਤਾਂ ਕੋਈ ਦੁਤੀਏ ਭਾਵ ਦੀ ਉਪਾਸ਼ਨਾ ਮੁਕ ਠੁਕ ਨਹੀਂ ਗਈ, ਐਵੇਂ ਫ਼ਰਜ਼ਾ ਫ਼ਰਜ਼ੀ ਹੀ ਹੈ, ਪਰ ਜਿਹੜੀਆਂ ਅਫਾਤਾਂ ਪਰਤੱਖ ਤੌਰ ਪਰ ਮਨ ਨੂੰ ਫਾਹੀ ਬੈਠੀਆਂ ਹਨ ਤਿਨ੍ਹਾਂ ਤੋਂ ਛੁੱਟਣ ਦਾ ਕੋਈ ਹੀਲਾ ਨਹੀਂ, ਮਾਨੋ ਕਿ 'ਇੱਕ ਦੀ ਉਪਾਸ਼ਨਾ' ਵਿਚ ਉਹ ਬਿਘਨਕਾਰੀ ਹੀ ਪਰਤੀਤ ਨਹੀਂ ਹੁੰਦੀਆਂ । ਜਿਸ ਨਾਗਨੀ ਤੋਂ ਗੁਰੂ ਮਹਾਰਾਜ ਸਰਬ ਸੰਸਾਰੀਆਂ ਦਾ ਛੁਟਕਾਰਾ ਕਰਾਇਆ ਲੋੜਦੇ ਹਨ, ਓਸੇ ਬਲਾ ਦੇ ਸ਼ਿਕਾਰ ਅਜੇ ਉਹ ਸਜਣ ਇਕ-ਦੂ-ਵਾਦਿਓਂ ਹੋ ਰਹੇ ਹਨ, ਜਿਨ੍ਹਾਂ ਨੂੰ ਕਿ ਗੁਰਸਿੱਖ ਦੀ ਹੈਸੀਅਤ ਵਿਚ 'ਇੱਕ ਦੇ ਉਪਾਸ਼ਕ' ਸਦਾਵਣ ਦਾ ਦਾਅਵਾ ਹੈ । ਗੁਰੂ ਮਹਾਰਾਜ ਤਾਂ ਦਸ ਰਹੇ ਹਨ:—

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥ ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥੨॥(੫)

ਗੂਜਰੀ ਕੀ ਵਾਰ ਮ: ੩, ਪੰਨਾ ੫੧੦

ਪਰ ਸ਼ੋਕ ਕਿ 'ਇਕ ਦੀ ਸੇਵਾ' ਦੇ ਦਾਅਵੇ-ਦਾਰ ਉਲਟੇ ਮਾਇਆ ਦੀ ਸੇਵਾ ਵਿਚ ਲਥ ਪਥ ਹੋਣ ! ਕੀ ਮਾਇਆ ਦੇ ਸੇਵਣਹਾਰਿਆਂ ਉਤੇ 'ਇੱਕ ਦੇ ਉਪਾਸ਼ਕ ਹੋਣ' ਵਾਲਾ ਪਦ ਘਟ ਸਕਦਾ ਹੈ ? ਕਦੇ ਨਹੀਂ । ਸਗੋਂ ਮਾਇਆ-ਪ੍ਰਸਤ ਪੱਕੇ ਬੁੱਤ-ਪ੍ਰਸਤ ਹਨ, ਵਾਹਿਦ-ਪ੍ਰਸਤ ਨਹੀਂ ।

ਇਸ ਬੁੱਤ ਪ੍ਰਸਤੀ ਦਾ ਸਰੂਪ ਇਕ ਨਹੀਂ, ਅਨੇਕ ਹਨ, ਪਰ ਸਮੁੱਚੀ ਬੁੱਤ-ਪ੍ਰਸਤੀ ਦਾ ਨਿਰਣਾ ਗੁਰੂ ਮਹਾਰਾਜ ਇਸ ਬਿਧ ਉਘੇੜ ਕੇ ਦਸਦੇ ਹਨ:—

ਇਹ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ
ਜਿਤੁ ਰਾਮ ਨਾਮੁ ਨਹੀ ਵਸਿਆ॥...੨॥(੮॥੧॥੯)

ਬਸੰਤੁ ਮ: ੪, ਪੰਨਾ ੧੧੯੧

ਜਿਥੇ 'ਏਕੋ ਜਪਿ' ਵਾਲੀ ਉਪਾਸ਼ਨਾ ਸੱਚੀ ਵਾਹਿਦ-ਪ੍ਰਸਤੀ ਹੈ ਓਥੇ ਇਸ 'ਏਕੋ ਜਪਿ' ਵਾਲੇ ਭਾਵ ਦੇ ਵਿਰਦ ਤੋਂ ਕੋਰਾਪਣ ।

ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨਾ ਪਾਇਆ ॥ ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਮੰਨਿ ਵਸਾਇਆ ॥੧॥(੫)

ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ੫੫੦

ਵਾਲੇ ਗੁਰਵਾਕ ਅਨੁਸਾਰ ਵਿਚਾਰ ਲਵੋ ਕਿ ਕਿਤਨੀ ਕੁ ਧ੍ਰਿਗਾਕਾਰ ਕਰਾਉਣ ਵਾਲਾ ਕਸੌਦਾ ਹੈ, ਰਸਨਾ ਕਰਕੇ 'ਇਕ' ਨੂੰ ਵਿਚਾਰਨਾ ਅਤੇ ਰਸਨਾ ਕਰਕੇ 'ਇਕ' ਨੂੰ ਚਿਤਾਰਨਾ ਹੀ ਜਦ ਗੁਰਮਤਿ ਅੰਦਰ ਪਗ ਖਲੋਣਾ ਤੇ ਵਾਹਿਦ-ਪ੍ਰਸਤੀ ਵਿਚ ਤਤਪਰ ਹੋਣਾ ਹੈ। ਯਥਾ ਗੁਰਵਾਕ:—

ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥ ਨਾਨਕ ਗੁਰਮੁਖਿ ਰਸਨਾ



www.AKJ.Org

ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥੫॥

ਬਿਹਾਗੜੇ ਕੀ ਵਾਰ, ਪੰਨਾ ੫੫੦

ਤਦ ਅਨੁਮਾਨ ਕਰ ਲੈਣਾ ਲੋੜੀਦਾ ਹੈ ਕਿ ਨਾਮ ਤੋਂ ਘੁਥ ਕੇ ਅਹਿਨਿਸ ਧੰਧੇ-ਧਾਵਨੀਆਂ ਵਿਚ ਲਥ ਪਥ ਹੋਣਾ ਇੱਕ ਦੀ ਉਪਾਸ਼ਨਾ ਵਾਲੀ ਵਾਟ ਤੋਂ ਕਿਤਨੀ ਕੁ ਵਿਥ ਪਰੇਡੇ ਡਿੱਗਣਾ ਹੈ। ਨਾਮ ਨੂੰ ਵਿਸਾਰਨਹਾਰੇ ਜਿਤਨੇ ਮਾਇਆ ਦੇ ਧੰਧ-ਬੰਧ ਹਨ, ਸਭ ਦੂਜੇ ਭਾਵ ਦੀ ਉਪਾਸ਼ਨਾ ਅਤੇ ਮੜ੍ਹਾ-ਪ੍ਰਸਤੀ ਹੈ। ਜੈਸੇ ਕਿ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ:—

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ॥ ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥੧॥(੧੮)

ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੩

ਨਾਲ ਲਗਦੇ ਹੀ ਏਨ੍ਹਾਂ ਧੰਧ-ਬੰਧ ਦੇ ਦੁਖਦਾਈ ਦੁਹਿਕਰਮਾਂ ਤੋਂ ਹਟਾਵਣ ਹਿਤ "ਇੱਕ" ਦੀ ਉਪਾਸ਼ਨਾ ਗੁਰੂ ਮਹਾਰਾਜ ਇਸ ਤਰ੍ਹਾਂ ਦ੍ਰਿੜ੍ਹਾਉਂਦੇ ਹਨ:—

ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਸਬਦੁ ਕਮਾਇ॥ ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥੧॥(੧੮)

ਬਿਹਾਗੜੇ ਕੀ ਵਾਰ, ਪੰਨਾ ੫੯੩

ਜਦ ਤਾਈਂ ਕਿ ਮਨ ਮਾਇਆ ਦੀਆਂ ਅਨੇਕ ਪ੍ਰਕਾਰ ਦੀਆਂ ਲਹਿਰਾਂ ਵਿਚ ਗੋਤੇ ਖਾ ਰਿਹਾ ਹੈ ਅਤੇ 'ਇਕ' ਵਲ ਨਹੀਂ ਆਉਂਦਾ, ਓਦੋਂ ਤਕ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਬੁੱਤ-ਪ੍ਰਸਤੀ ਦੇ ਹੜ੍ਹ ਵਿਚ ਹੀ ਰੁੜ੍ਹਿਆ ਜਾਂਦਾ ਸਮਝਿਆ ਜਾਣਾ ਚਾਹੀਦਾ ਹੈ।

ਅਸੀਂ ਗੁਰੂ ਦੇ ਸਿਖ ਦੀ ਹੈਸੀਅਤ ਵਿਚ 'ਇਕ' ਦੇ ਉਪਾਸ਼ਕ ਸਦਾਵਣਹਾਰੇ ਕਦਾਚਿਤ ਬੁੱਤ-ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ, ਜਦ ਤਾਈਂ ਕਿ ਅਸੀਂ ਮਾਇਆ ਦੇ ਅਡੰਬਰਾਂ ਵਿਚ ਰਚੇ ਪਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ। ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁੱਤ-ਪ੍ਰਸਤ। ਜੇ ਸੁਤ ਮੀਤ ਕੁਟੰਬ ਦੇ ਫੇੜਿਆਂ ਵਿਚ ਫਾਥੇ ਹੋਏ ਹਾਂ, ਤਦ ਭੀ ਬੁੱਤ-ਪ੍ਰਸਤ। ਸੋਭਾ ਅਤੇ ਵਡਿਆਈ ਦੇ ਪਾਤਰ ਬਣਨ ਹਿਤ ਧਰਮ ਦੀ ਆੜ ਲੈਂਦੇ ਹੋਇ ਪਰਪੰਚ-ਅਖਾੜੇ ਰਚਦੇ ਹਾਂ, ਤਦ ਭੀ ਬੁੱਤ-ਪ੍ਰਸਤ। ਗੱਲ ਕੀ, ਮਾਇਆ ਨਾਲ ਮਨੂਰ ਹੋਏ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ। ਉਥੇ 'ਇਕ' ਦੀ ਆਸ ਕਿਥੇ ? ਉਥੇ ਤਾਂ ਬਸ ਮਾਇਆ ਹੀ ਮਾਇਆ ਹੈ। ਅੱਠੋ ਪਹਿਰ ਮਾਇਆ ਦੀਆਂ ਹੀ ਚਿਤਵਣੀਆਂ, ਮਾਇਆ ਦੀਆਂ ਸੋਚਾਂ, ਮਾਇਆ ਦੀਆਂ ਹੀ ਗੱਲਾਂ ਅਤੇ ਮਾਇਆ ਦੀਆਂ ਹੀ ਧਾਵਨੀਆਂ ਰਹਿੰਦੀਆਂ ਹਨ। ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਨੂੰ ਗੁਰੂ ਸਾਹਿਬ ਇਸ ਬਿਧ ਤ੍ਰਿਸਕਾਰ ਕੇ, ਮਾਇਆ-ਗ੍ਰਸਤ ਜੀਵਾਂ ਦੀ ਮਾਇਆ ਵਲੋਂ ਉਪਰਾਮਤਾ ਕਰਾਇਆ ਚਾਹੁੰਦੇ ਹਨ; ਯਥਾ ਗੁਰਵਾਕ :—

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ॥ ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ॥ ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ॥ ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ॥ ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ॥ ਨਾਨਕ ਦੀਨ ਸਰਣਿ ਕਿਰਪਾਨਿਧਿ ਰਾਖੁ ਲਾਜ ਭਗਤਾਨਾ ॥੧॥

ਸੂਹੀ ਛੰਤ ਮ : ੫, ਪੰਨਾ ੭੭੭

ਇੱਕ ਦੀ ਉਪਾਸ਼ਨਾ ਦਾ ਅਟੱਲ ਹੁਕਮ ਦਿੰਦੇ ਹੋਏ ਗੁਰੂ ਸਾਹਿਬ ਦੁਤੀ ਉਪਾਸ਼ਨਾ ਦਾ ਅਭਾਵ ਨਾਲ ਹੀ ਨਾਲ ਫੇਰ ਇਸ ਬਿਧ ਕਰਾ-ਉਂਦੇ ਹਨ :—

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ॥ ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ॥ ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤ ਸੰਗਿ ਮਿਲਿ ਰਹੀਐ॥ ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ॥ ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ॥ ਨਾਨਕ ਦੀਨ ਭਗਤ



www.AKJ.Org

ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ ॥੨॥ ਸੂਹੀ ਛੰਤ ਮ: ੫, ਪੰਨਾ੭੭੭

ਇਸ ਦੇ ਅਗਲੇਰੇ ਨਾਲ ਲਗਦੇ ਗੁਰ-ਪਰਮਾਣ ਅੰਦਰ ਮਾਯਾਵੀ ਮਾਨ ਵਾਲੀ ਦੂਤੀ ਉਪਾਸ਼ਨਾ ਦਾ ਅਭਾਵ ਹੀ 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹ ਕਰਾਉਣ ਹਿਤ ਕਰਾਉਂਦੇ ਹਨ। ਯਥਾ :—

ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ ॥
ਸੁਣਿ ਬਾਵਰੇ ਸਭ ਵੈਸੀ ਗਰਬੁ ਗੁਮਾਨੋ ॥
ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ ॥ ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ ॥
ਗੁਰ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ ॥ ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ ॥੩॥ ਸੂਹੀ ਛੰਤ ਮ: ੫, ਪੰਨਾ ੭੭੭

ਅਸਲ ਗੱਲ ਇਹ ਹੈ ਕਿ ਕੂੜਾਵੀ ਮਾਨ-ਮਹੱਤਤਾ ਵਾਲੀ ਚਾਰ ਦਿਹਾੜੇ ਦੀ ਸੋਭਾ ਉਨ੍ਹਾਂ ਦੇ ਚਿੱਤਾਂ ਤੇ ਹੀ ਪ੍ਰਬਲ ਹੈ ਜਿਨ੍ਹਾਂ ਦੇ ਰਿਦੰਤਰ 'ਇਕ' ਦੀ ਉਪਾਸ਼ਨਾ ਦੀ ਸੱਚੀ ਸਿੱਕ ਨਹੀਂ ਉਪਜਦੀ। ਇਸ ਸੱਚੀ ਸਿੱਕ ਤੋਂ ਊਣੇ ਝੂਣੇ ਲੋਕ ਦੂਜੇ ਭਾਵ ਦੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ, ਅਤੇ ਠਲ੍ਹ ਕਿਤੇ ਭੀ ਨਹੀਂ ਪੈਂਦੀ। ਆਮ ਲੋਕ ਰੁੜ੍ਹਨ ਤਾਂ ਪਏ ਰੁੜ੍ਹਨ, ਕਿਉਂਕਿ "ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ"* ਗੁਰਵਾਕ ਅਨੁਸਾਰ ਨਿਖਸਮਿਆਂ ਨੂੰ ਤਾਂ ਥਾਂਘੀ ਨਹੀਂ ਮਿਲਿਆ, ਪਰ ਜਿਨ੍ਹਾਂ ਦਾ "ਇਸ਼ਟ ਦੇਵ" 'ਇਕ' ਦੇ ਸਾਂਗੋਪਾਂਗ ਦਿਖਾਵਣਹਾਰਾ, 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹਾਵਣ-ਹਾਰਾ, ਦੂਤੀ ਉਪਾਸ਼ਨਾ ਦਾ ਖੁਰਾ ਖੋਜ ਮਿਟਾਵਣ-ਹਾਰਾ ਸੱਚਾ ਗੁਰੂ 'ਗੁਰ ਨਾਨਕ ਦੇਵ' ਹੋਵੇ, ਜੇ ਉਹ ਭੀ ਕਿਸੇ ਵਹਿਣ ਵਿਚ ਰੁੜ੍ਹੇ ਚਲੇ ਜਾਣ ਤਦ ਸਮਝ ਲਉ ਕਿ ਉਹ ਗੁਰਮਤਿ ਦੇ 'ਇਕ' ਦੀ ਉਪਾਸ਼ਨਾ ਵਾਲੇ ਅਸੂਲ ਦੀ ਹਾਨੀ ਕਰਾਵਣਹਾਰੇ ਹਨ। ਅਤੇ ਗੁਰਮਤਿ ਨੂੰ ਮਨਮਤਿ ਵਿਚ ਖਿੱਚੀ ਲਈ ਜਾਂਦੇ ਹਨ।

ਅਸੀਂ ਗੁਰੂ ਦੇ ਸਿਖ ਸਦਾਵਣਹਾਰਿਆਂ ਦੀ ਵਰਤਮਾਨ ਨਿਘਰਦੀ ਕਲਾ ਦੀ ਦਸ਼ਾ ਨੂੰ ਉਘੇੜਨ ਦੇ ਖਲਜਗਣ ਵਿਚ ਪੈਣਾ ਮੁਨਾਸਿਬ ਨਹੀਂ ਸਮਝਦੇ। ਏਥੇ ਕੇਵਲ ਏਤਨਾ ਹਲੂਣਾ ਦੇਣਾ ਹੀ ਯੋਗ ਹੈ ਕਿ ਆਪੋ ਆਪਣੀਆਂ ਬੁਕਲਾਂ ਵਿਚ ਮੂੰਹ ਪਾ ਕੇ ਅਸਾਡੇ ਅਜ ਦੇ ਪੰਥ-ਭੂਸ਼ਨਾਂ ਨੂੰ ਅਤੇ ਪੰਥ-ਆਗੂਆ ਤੇ ਸਿੱਖ ਸਜਣਾਂ ਨੂੰ ਭਲੀ ਪਰਕਾਰ ਦੇਖ ਲੈਣਾ ਚਾਹੀਦਾ ਹੈ ਕਿ ਅਸੀਂ 'ਇੱਕ' ਦੀ ਉਪਾਸ਼ਨਾ ਵਾਲੇ ਅਸੂਲ ਉਤੇ ਕਿਥੇ ਤਾਈਂ ਚਲ ਰਹੇ ਹਾਂ, ਅਤੇ ਕਿੰਨੇ ਕੁ ਇਸ ਅਸੂਲ ਤੋਂ ਔਝੜੇ ਪਏ ਫਿਰ ਰਹੇ ਹਾਂ।

* ਸਲੋਕ ਕਬੀਰ ਜੀ ਨੰਬਰ ੫੧, ਪੰਨਾ ੧੩੬੭

-----

# ਪੋਥੀ ਪਰਮੇਸਰ ਕਾ ਥਾਨੁ

'ਗੁਰਬਾਣੀ ਇਸ ਜਗਿ ਮਹਿ ਚਾਨਣੁ' ਹੈ। ਗੁਰਬਾਣੀ ਸਾਡਾ ਇਸ਼ਟ ਹੈ, ਗੁਰਬਾਣੀ ਸਾਡਾ ਗੁਰੂ ਹੈ। ਇਸ ਲਈ ਗੁਰਬਾਣੀ ਦਾ ਹਰੇਕ ਰੂਪ ਵਿਚ ਸਤਿਕਾਰ ਕਰਨਾ ਸਾਡਾ ਪਰਮ ਫ਼ਰਜ਼ ਹੈ।

ਗੁਰਬਾਣੀ ਦੇ ਗੁਟਕੇ ਅਤੇ ਗੁਰਬਾਣੀ ਦੀਆਂ ਪੋਥੀਆਂ ਨੂੰ ਸਾਫ਼ ਸੁਥਰੇ ਰੁਮਾਲਾਂ ਵਿਚ ਵਲ੍ਹੇਟ ਕੇ ਰਖਣਾ ਲਾਜ਼ਮੀ ਹੈ। ਆਪਣੇ ਤੋਂ ਉੱਚੀ ਥਾਂ ਤੇ ਰਖੀਏ। ਗੋਡਿਆਂ, ਲੱਤਾਂ, ਪਜਾਮਿਆਂ ਅਤੇ ਮੈਲੇ ਕਪੜਿਆਂ ਤੇ ਪੋਥੀਆਂ ਨੂੰ ਰਖਣਾ ਗੁਰਬਾਣੀ ਦਾ ਅਪਮਾਨ ਹੈ। ਸੰਗਤ ਵਿਚ ਇਕ ਦੂਜੇ ਦੇ ਪਿਛੇ ਬਹਿ ਕੇ ਪੋਥੀਆਂ ਖੋਲ੍ਹਣੀਆਂ ਠੀਕ ਨਹੀਂ ਹੈ।

ਗੁਰੂ ਕੇ ਕੀਰਤਨੀਆਂ ਨੂੰ, ਜਿਥੋਂ ਤਕ ਹੋ ਸਕੇ, ਬਾਣੀ ਕੰਠ ਕਰ ਕੇ ਸ਼ਬਦ-ਕੀਰਤਨ ਦੀਆਂ ਹਾਜ਼ਰੀਆਂ ਭਰਨੀਆਂ ਚਾਹੀਦੀਆਂ ਹਨ। ਆਸਾ ਦੀ ਵਾਰ ਛਕਿਆਂ ਸਮੇਤ ਹਰੇਕ ਵੀਰ ਭੈਣ ਨੂੰ ਪੂਰਨ ਤੌਰ ਤੇ ਕੰਠ ਹੋਣੀ ਜ਼ਰੂਰੀ ਹੈ। ਪੋਥੀਆਂ ਤੇ ਗੁਟਕੇ ਸ਼ਬਦ ਤੇ ਗੁਰਬਾਣੀ ਨੂੰ ਕੰਠ ਕਰਨ ਲਈ ਹੁੰਦੇ ਹਨ। ਸੋ ਸਾਨੂੰ ਪੋਥੀਆਂ ਦਾ ਘਟ ਤੋਂ ਘਟ ਸਹਾਰਾ ਲੈਣਾ ਚਾਹੀਦਾ ਹੈ।

www.AKJ.Org

# ਅੰਮ੍ਰਿਤ ਵੇਲਾ

## *ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥੩॥੩॥*

[ਤਿਲੰਗ ਮ: ੯, ਪੰਨਾ ੭੨੭

[ਵਲੋਂ—ਸੁਕੈਡਰਨ ਲੀਡਰ ਭਾਈ ਰਾਮ ਸਿੰਘ ਜੀ]

ਗੁਰਸਿਖ ਲਈ ਗੁਰੂ ਸਾਹਿਬ ਜੀ ਦਾ ਸ਼ਰੋਮਣੀ ਹੁਕਮ ਨਾਮ ਜਪਣ ਦਾ ਹੈ। ਇਸ ਹੁਕਮ ਨੂੰ ਕਮਾਉਣ ਲਈ ਸਤਿਗੁਰਾਂ ਨੇ ਕਈ ਢੰਗਾਂ ਨਾਲ ਗੁਰਸਿਖਾਂ ਨੂੰ ਚੇਤਾਵਨੀ ਕਰਾਈ ਹੈ ਕਿ ਗੁਰਸਿਖ ਰਾਤ ਦਿਨ ਨਾਮ ਜਪੇ, ਅੱਠੇ ਪਹਿਰ ਨਾਮ ਜਪੇ, ਚਲਦਾ ਫਿਰਦਾ ਨਾਮ ਜਪੇ, ਉਠਦਾ ਬੈਠਦਾ ਨਾਮ ਜਪੇ, ਆਪਣੀ ਕਿਰਤ ਵਿਰਤ ਕਰਦਾ ਹੋਇਆ ਨਾਮ ਜਪੇ, ਸਾਸਿ ਗਿਰਾਸਿ ਨਾਮ ਜਪੇ ਅਤੇ ਕੋਈ ਭੀ ਸਮਾਂ ਨਾਮ ਜਪਣ ਤੋਂ ਬਿਨਾਂ ਨਾ ਗੰਵਾਏ।

ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

ਗਉੜੀ ਗੁ: ਮ: ੧, ਪੰਨਾ ੨੨੨

ਐਸੇ ਉਪਦੇਸ਼ਾਂ ਦੇ ਹੋਂਦਿਆਂ ਹੋਇਆਂ ਭੀ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣ ਨੂੰ ਗੁਰਬਾਣੀ ਅੰਦਰ ਬੜੀ ਵਿਸ਼ੇਸ਼ਤਾ ਹੈ, ਜੈਸਾ ਕਿ :—

(ੳ) ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥੪॥ [ਜਪੁਜੀ, ਪੰਨਾ ੨

ਅੰਮ੍ਰਿਤ ਵੇਲੇ ਸੱਚੇ ਦਾ ਨਾਮ ਜਪਣਾ, ਮੂੰਹੋਂ ਬੋਲਿਆ ਸੁਣ ਕੇ ਰੱਬ ਐਸਾ ਬੋਲਣ ਵਾਲੇ ਨੂੰ ਪਿਆਰ ਕਰਦਾ ਹੈ।

(ਅ) ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥ ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥੧॥੧੬॥

[ਮਾਰੂ ਵਾਰ ਡਖਣੇ, ਪੰਨਾ ੧੦੯੯

ਇਸ ਤੁਕ ਅੰਦਰ ਭੀ ਪ੍ਰਭਾਤੇ (ਅੰਮ੍ਰਿਤ ਵੇਲੇ) ਨਾਮ ਜਪਣ ਦਾ ਹੁਕਮ ਹੈ। ਇਸ ਵੇਲੇ ਦੇ ਨਾਮ ਜਪਣ ਦੇ ਫਲ ਵਜਹੁੰ ਜਨਮ ਮਰਣ ਦੀ ਮੈਲ ਉਤਰ ਜਾਏਗੀ।

(ੲ) ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥ (੪॥੧॥੯)[ਬਸੰਤ ਮ: ੫, ਪੰਨਾ ੧੧੮੫

ਇਸ ਤੁਕ ਰਾਹੀਂ ਭੀ ਪਰਭਾਤੇ (ਅੰਮ੍ਰਿਤ ਵੇਲੇ) ਉਠ ਕੇ, ਇਸ਼ਨਾਨ ਕਰ ਕੇ ਹਰੀ ਦੀ ਆਰਾ-ਧਨਾ ਕਰਨ ਦਾ (ਨਾਮ ਜਪਣ ਦਾ) ਹੁਕਮ ਹੈ। ਇਸ ਦੇ ਫਲ ਵਜਹੁ ਸਭ ਔਕੜਾਂ ਤੋਂ ਛੁਟਕਾਰਾ ਹੋ ਜਾਏਗਾ ਅਤੇ ਅੰਤ ਨੂੰ ਪੂਰਨ ਸੁਖ ਸਹਿਜ ਅਵਸਥਾ ਵਿਚ ਆਪਣੇ (ਅਸਲੀ) ਘਰ ਵਿਚ ਪ੍ਰਵੇਸ਼ ਪ੍ਰਾਪਤ ਹੋਏਗਾ।

(ਸ) ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ... ॥੭੧॥

[ਸਲੋਕ ਫਰੀਦ ਜੀ, ਪੰਨਾ ੧੩੭੧

ਏਥੇ ਭੀ ਸੁਬਹ (ਅੰਮ੍ਰਿਤ ਵੇਲੇ) ਉਠ ਕੇ ਨਿਮਾਜ਼ ਗੁਜ਼ਾਰਨ (ਨਾਮ ਜਪਣ) ਦਾ ਹੁਕਮ ਹੈ।

(ਹ) ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ...੪॥੯॥

[ਪ੍ਰਭਾਤੀ ਮ: ੧, ਪੰਨਾ ੧੩੩੧

ਏਥੇ ਭੀ ਬਾਕੀ ਸਾਰੀਆਂ ਗੱਲਾਂ ਛੱਡ ਕੇ ਪ੍ਰਭਾਤੇ (ਅੰਮ੍ਰਿਤ ਵੇਲੇ) ਨਾਮ ਜਪਣ ਦੀ ਸੂਚਨਾ ਹੈ।

(ਕ) ਪ੍ਰਾਤਹ ਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥੧॥ (੨੪॥੩੦)

[ਸੂਹੀ ਮ: ੫, ਪੰਨਾ ੭੪੩

ਇਹ ਤੁਕ ਭੀ ਸੂਚਤ ਕਰਦੀ ਹੈ ਕਿ ਪ੍ਰਾਤਹ-ਕਾਲ (ਅੰਮ੍ਰਿਤ ਵੇਲੇ) ਦਾ ਨਾਮ ਜਪਿਆ ਏਥੇ ਓਥੇ ਸਹਾਈ ਹੋਂਦਾ ਹੈ।

(ਖ) ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ



www.AKJ.Org

ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿ- ਆਈ ॥੩॥ (੬॥੩॥੧੦)

[ਸੂਹੀ ਮ: ੪, ਪੰਨਾ ੭੩੪

ਇਹ ਤੁਕ ਭੀ ਇਹੋ ਦ੍ਰਿੜ੍ਹ ਕਰਾਉਂਦੀ ਹੈ ਕਿ ਅੰਮ੍ਰਿਤ ਵੇਲੇ ਦਾ ਨਾਮ ਜਪਿਆ ਹੋਇਆ ਨਿਖੁੱਟਦਾ ਨਹੀਂ । ਅਤੇ ਇਸ ਦੇ ਤੁਫ਼ੈਲ ਲੋਕ ਪਰਲੋਕ ਵਿਖੇ ਭਗਤਾਂ (ਗੁਰਸਿਖਾਂ) ਨੂੰ ਰੱਬ, ਨਾਮ ਦੀ ਵਡਿਆਈ ਬਖ਼ਸ਼ਦਾ ਹੈ ।

ਇਸ ਪ੍ਰਕਾਰ ਗੁਰਬਾਣੀ ਅੰਦਰ ਹੋਰ ਬੇਅੰਤ ਹੁਕਮ ਹਨ । ਤਾਂਤੇ ਇਹ ਭਾਲ ਕਰਨੀ ਬੜੀ ਹੀ ਜ਼ਰੂਰੀ ਹੈ ਕਿ ਅੰਮ੍ਰਿਤ ਵੇਲਾ ਕਿਸ ਸੁਭਾਗੇ ਸਮੇਂ ਨੂੰ ਕਿਹਾ ਜਾਂਦਾ ਹੈ, ਜਿਸ ਵੇਲੇ ਦਾ ਨਾਮ ਜਪਿਆ ਰੱਬ ਨੂੰ ਅਤੀ ਪ੍ਰਸੰਨ ਕਰਦਾ ਹੈ । ਕਈ ਲੋਗ ਪਹੁ-ਫੁਟਾਲੇ ਤੋਂ ਪਹਿਲੇ ਸਮੇਂ ਨੂੰ ਅੰਮ੍ਰਿਤ ਵੇਲਾ ਕਹਿੰਦੇ ਹਨ । ਕਈ ਪਿਛਲੀ ਰਾਤੇ ਕੁੱਕੜ ਦੀ ਪਹਿਲੀ ਬਾਂਗ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਕਹਿੰਦੇ ਹਨ । ਸੁਣਿਆ ਹੈ ਕਿ ਪੁਰਾਤਨ ਰਿਖੀ ਮੁਨੀ ਕੁੱਕੜ ਦੀ ਬਾਂਗੇ ਉਠਕੇ ਇਸ਼ਨਾਨ ਕਰਨ ਜਾਇਆ ਕਰਦੇ ਸਨ ਅਤੇ ਫਿਰ ਭਗਤੀ ਵਿਚ ਜੁੱਟ ਜਾਇਆ ਕਰਦੇ ਸਨ । ਪੁਰਾਤਨ ਸਿੰਘਾਂ ਬਾਰੇ ਭੀ ਕਹਿੰਦੇ ਹਨ ਕਿ ਉਹ ਸਵਾ ਪਹਿਰ ਰਾਤ ਰਹਿੰਦੀਂ ਉਠ ਕੇ ਇਸ਼ਨਾਨ ਕਰ ਕੇ ਨਾਮ ਜਪਿਆ ਕਰਦੇ ਸਨ । ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ ਜੀ) ਕਿਵਾੜ ਖੁਲ੍ਹਣ ਦੇ ਸਮੇਂ ਨੂੰ ਭੀ ਅੰਮ੍ਰਿਤ ਵੇਲੇ ਦਾ ਆਰੰਭ ਦਸਦੇ ਹਨ ।

ਗੁਰਬਾਣੀ ਕਹਿੰਦੀ ਹੈ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ...॥੧੦੭॥

[ਸਲੋਕ ਫਰੀਦ ਜੀ,ਪੰਨਾ ੧੩੮੩

ਜੇ ਸੂਰਜ ਛਿਪਣ ਅਤੇ ਸੂਰਜ ਚੜ੍ਹਨ ਦੇ ਦਰਮਿਆਨੀ ਸਮੇਂ ਦੇ ਦੋ ਬਰਾਬਰ ਬਰਾਬਰ ਹਿੱਸੇ ਕਰ ਲਈਏ ਤਾਂ ਇਸ ਵੰਡ ਦੇ ਪਿਛਲੇ ਹਿੱਸੇ ਨੂੰ 'ਪਿਛਲ ਰਾਤ' ਕਿਹਾ ਜਾਂਦਾ ਹੈ । ਇਸ ਤੁਕ ਅੰਦਰ ਪਿਛਲ ਰਾਤ ਨੂੰ ਜਾਗਣ ਦਾ ਬੜਾ ਤਾੜਨਾਮਈ ਹੁਕਮ ਹੈ । ਜਾਗ ਕੇ ਕਰਨਾ ਕੀ ਹੈ ?

...ਬੈਠਾ ਰਹੁ ਅਰੁ ਜਾਗੁ ॥ ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗਿ ॥੧੨੯॥

[ਸਲੋਕ ਕਬੀਰ ਜੀ, ਪੰਨਾ ੧੩੭੧

(ਭਾਵ ਕਿ ਨਾਮ ਜਪ) 'ਜੀਵੰਦੜੋ ਮੁਇਓਹਿ' ਵਾਲੀ ਤਾੜਨਾ ਅੰਮ੍ਰਿਤ ਵੇਲੇ ਨਾ ਉੱਠਣ ਵਾਲੇ ਅੰਮ੍ਰਿਤਧਾਰੀਆਂ ਲਈ ਹੈ । ਇਹ ਤਾੜਨਾ ਬੇਅੰਮ੍ਰਿ- ਤੀਆਂ ਜਾਂ ਅਨਮਤੀਆਂ ਲਈ ਨਹੀਂ ਹੈ । ਉਨ੍ਹਾਂ ਨੇ ਪਿਛਲੀ ਰਾਤੇ ਉਠ ਕੇ ਕੀ ਕਰਨਾ ਹੈ ? ਉਠਣਾ ਤਾਂ ਨਾਮ ਜਪਣ ਲਈ ਹੈ (ਭਗਤੀ ਕਰਨ ਲਈ) । ਨਾਮ ਉਨ੍ਹਾਂ ਅਜੇ ਪ੍ਰਾਪਤ ਨਹੀਂ ਕੀਤਾ । ਗੁਰ- ਦੀਖਿਅਤ ਹੋਏ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੈ । ਅਤੇ ਪ੍ਰਾਪਤ ਕੀਤੇ ਬਿਨਾਂ ਨਾਮ ਜਪਿਆ ਨਹੀਂ ਜਾ ਸਕਦਾ । ਯਥਾ :—

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ (੪॥੨੨)

ਸਿਰੀਰਾਗੁ ਮ: ੧, ਪੰਨਾ ੨੨

ਬੇਅੰਮ੍ਰਿਤੀਆ ਜਿਹਾ ਜਾਗਿਆ ਤੇਹਾ ਨਾ ਜਾਗਿਆ । ਹੁਣ ਤਾਂ ਇਹ ਗੱਲ ਬਿਲਕੁਲ ਹੀ ਸਾਫ਼ ਹੋ ਗਈ ਹੈ ਕਿ ਇਹ ਤਾੜਨਾ ਢਿੱਲੇ ਅੰਮ੍ਰਿਤਧਾਰੀਆਂ ਲਈ ਹੀ ਹੈ । ਕਿਉਂਕਿ ਜੇ ਉਹ ਜਾਗ ਪੈਣ ਤਾਂ ਨਾਮ ਜਪ ਸਕਦੇ ਹਨ, ਕਿਉਂਕਿ ਉਨ੍ਹਾਂ ਨੇ ਸਤਿਗੁਰੂ ਦਾ ਉਪਦੇਸ਼ ਲਿਆ ਹੋਇਆ ਹੈ, ਪਰ ਅੰਮ੍ਰਿਤ ਵੇਲੇ ਉਠਣੋਂ ਢਿੱਲੇ ਪਏ ਹੋਏ ਹਨ । ਇਸ ਵਿਚਾਰ ਨੂੰ ਗੁਰੂ ਜੀ ਨੇ ਅਗਲੇਰੇ ਸ਼ਬਦ ਰਾਹੀਂ ਤਾਂ ਬਿਲਕੁਲ ਹੀ ਸਾਫ਼ ਕਰ ਦਿਤਾ ਹੈ ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥੨॥(੧੧) [ਵਾਰ ਗਉੜੀ, ਪੰਨਾ ੩੦੫

ਇਹ ਹੁਕਮ ਭੀ ਓਸੇ ਨੂੰ ਲਾਗੂ ਹੈ ਜੋ ਸਤਿਗੁਰੂ ਦਾ ਸਿਖ ਅਖਾਏ (ਭਾਵ, ਕਿ ਜੋ ਅੰਮ੍ਰਿਤਧਾਰੀ ਹੋ ਜਾਏ । ਦੂਜਾ ਨਹੀਂ ।)

'ਅੱਜ' ਅੱਧੀ ਰਾਤ ਨੂੰ ਸਮਾਪਤ ਹੋ ਜਾਂਦਾ



www.AKJ.Org

ਹੈ। ਅੱਧੀ ਰਾਤ ਤੋਂ ਪਿਛੋਂ 'ਭਲਕ' ਸ਼ੁਰੂ ਹੋ ਜਾਂਦਾ ਹੈ (ਭਾਵ ਕਿ ਪਿਛਲ ਰਾਤ ਸ਼ੁਰੂ ਹੋ ਜਾਂਦੀ ਹੈ)। ਜਿਹੜੀ ਲੋਕਾਈ ਅਜ ਸੌਂ ਗਈ ਹੈ, ਉਹ ਸਾਰੀ ਹੀ ਭਲਕੇ ਉਠ ਖਲੋਏਗੀ ਕੋਈ ਕਿਸੇ ਵਕਤ ਅਤੇ ਕੋਈ ਕਿਸੇ ਵਕਤ, ਪਰ ਉੱਠਣਗੇ ਸਾਰੇ ਹੀ। ਲੱਭਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਜੀ ਨੇ 'ਭਲਕ' ਦੇ ਕਿਸ ਸਮੇਂ ਵੱਲ ਇਸ਼ਾਰਾ ਕੀਤਾ ਹੈ। ਇਹ ਇਸ਼ਾਰਾ ਭਲਕ ਦੇ ਉਸ ਸਮੇਂ ਵਲ ਨਹੀਂ ਹੈ ਜਦੋਂ ਕਿ ਆਮ ਲੋਕੀਂ ਉੱਠ ਖਲੋਂਦੇ ਹੋਵਣ। ਜੇ ਐਸਾ ਹੋਂਦਾ ਤਾਂ ਉੱਠਿਆਂ ਹੋਇਆਂ ਲੋਕਾਂ ਨੂੰ ਇਹ ਕਹਿਣ ਦੀ ਲੋੜ ਨਹੀਂ ਸੀ ਕਿ 'ਉਠ ਕੇ ਨਾਮ ਜਪੋ'। ਉਹ ਤਾ ਪਹਿਲੋਂ ਹੀ ਉੱਠੇ ਹੋਏ ਹਨ। ਉਨ੍ਹਾਂ ਨੂੰ ਤਾਂ ਕੇਵਲ ਨਾਮ ਜਪਣ ਦਾ ਹੀ ਹੁਕਮ ਦੇਣ ਦੀ ਲੋੜ ਹੈ। ਉਨ੍ਹਾਂ ਨੂੰ ਉੱਠਣ ਵਾਸਤੇ ਕਹਿਣ ਦੀ ਲੋੜ ਨਹੀਂ ਹੈ। ਤਾਂਤੇ ਜ਼ਰੂਰੀ ਗੱਲ ਹੈ ਕਿ ਗੁਰੂ ਸਾਹਿਬ ਜੀ ਦਾ ਇਹ ਇਸ਼ਾਰਾ ਭਲਕ ਦੇ ਉਸ ਸਮੇਂ ਵੱਲ ਹੈ ਜਦੋਂ ਕਿ ਮਨੁਖ ਨਾ ਉੱਠਦਾ ਹੋਵੇ, ਜਾਂ ਨਾ ਉੱਠ ਸਕਦਾ ਹੋਵੇ, ਜਾਂ ਨਾ ਉੱਠਣਾ ਚਾਹੁੰਦਾ ਹੋਵੇ।

ਜੇ ਭਲਾ ਘੜੀ ਦੀ ਘੜੀ ਅਸੀਂ ਇਹ ਫ਼ਰਜ਼ ਕਰ ਲਈਏ ਕਿ ਗੁਰੂ ਜੀ ਦਾ 'ਭਲਕੇ ਉੱਠਣ' ਤੋਂ ਭਾਵ ਚਾਰ ਵਜੇ ਸਵੇਰੇ ਉੱਠਣ ਤੋਂ ਹੈ, ਤਾਂ ਹੋਰ ਕੋਈ ਵਿਅਕਤੀ ਇਸ ਵਕਤ ਦੀ ਤਰਮੀਮ (Improvement) ਕਰ ਸਕਦਾ ਹੈ ਅਤੇ ਕਹਿ ਸਕਦਾ ਹੈ ਕਿ ਚਾਰ ਵਜੇ ਨਹੀਂ, ਤਿੰਨ ਵਜੇ ਸਵੇਰੇ ਉੱਠਣਾ ਚਾਹੀਦਾ ਹੈ। ਇਸ ਤਰਮੀਮ ਨਾਲ ਚਾਰ ਵਜੇ ਵਿਚ ਇਕ ਘੰਟੇ ਦਾ ਵਾਧਾ ਹੋ ਗਿਆ। ਜੇ ਅਸੀਂ ਇਹ ਸਮਝੀਏ ਕਿ ਗੁਰੂ ਜੀ ਦਾ 'ਭਲਕੇ' ਉੱਠਣ ਤੋਂ ਭਾਵ ਤਿੰਨ ਵਜੇ ਸਵੇਰੇ ਉੱਠਣ ਤੋਂ ਹੈ ਤਾਂ ਕੋਈ ਹੋਰ ਵਿਅਕਤੀ ਇਸ ਵਿਚ ਵੀ ਇਕ ਘੰਟੇ ਦਾ ਵਾਧਾ ਕਰ ਕੇ ਦੋ ਵਜੇ ਸਵੇਰੇ ਉਠਣ ਲਈ ਕਹਿ ਸਕਦਾ ਹੈ। ਪਰ ਇਹ ਗੱਲ ਅਸੀਂ ਭਲੀ ਪ੍ਰਕਾਰ ਜਾਣਦੇ ਹਾਂ ਕਿ ਪੂਰੇ ਗੁਰੂ ਦੇ ਹੁਕਮ ਵਿਚ ਤਰਮੀਮ ਦੀ ਗੁੰਜਾਇਸ਼ ਹੋਂਦੀ ਹੀ ਨਹੀਂ, ਕਿਉਂਕਿ ਪੂਰੇ ਗੁਰੂ ਦਾ ਹੁਕਮ ਭੀ ਪੂਰਾ ਹੀ ਹੋਂਦਾ ਹੈ। ਜੈਸਾ ਕਿ ਨਾਮ ਜਪਣ ਬਾਰੇ ਸਾਹਿਬਾਂ ਦਾ ਹੁਕਮ ਹੈ ਕਿ :—

ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

[ਗਉੜੀ ਗੁ: ਮ: ੧, ਪੰਨਾ ੨੨੨

ਏਥੇ ਕੋਈ ਭੀ ਸਮਾਂ ਨਾਮ ਜਪੇ ਬਗੈਰ ਬਿਰਥਾ ਨਹੀਂ ਰਹਿਣ ਦਿਤਾ। ਇਸ ਹੁਕਮ ਵਿਚ ਹੋਰ ਕੋਈ ਕੀ ਵਾਧਾ ਕਰ ਦਿਖਾਏਗਾ ? ਨਾਮ ਜਪਣ ਲਈ ਹੋਰ ਸਮਾਂ ਕਿਥੋਂ ਲਿਆਏਗਾ ? ਸਮਾਂ ਤਾਂ ਸਾਰਾ ਪਹਿਲੋਂ ਹੀ ਨਾਮ ਜਪਣ ਲਈ ਬੁੱਕ ਹੋ ਚੁਕਾ ਹੈ।

ਗੁਰਸਿਖਾਂ ਨੂੰ ਤਿਆਗ ਦੀ ਪੱਧਰ ਉੱਤੇ ਲਿਆਉਣ ਲਈ ਗੁਰੂ ਜੀ ਦਾ ਹੁਕਮ ਹੈ ਕਿ :—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ...॥੬॥

[ਰਾਮਕਲੀ ਆਨੰਦ, ਮ: ੩, ਪੱਨਾ ੬੧੮

ਏਥੇ ਹੋਰ ਤਿਆਗਣ ਵਾਲੀ ਗੱਲ ਹੀ ਪਿੱਛੇ ਕੀ ਰਹਿ ਗਈ ? ਇਸ ਹੁਕਮ ਵਿਚ ਵਧਾਣ ਕੋਈ ਕੀ ਕਰੇਗਾ। ? ਜੇ ਸਤਿਗੁਰਾਂ ਦਾ ਸਿੱਖ ਨੂੰ ਕੁਰਬਾਨੀ ਦੇਣ ਬਾਰੇ ਹੁਕਮ ਵੀਚਾਰੀਏ ਤਾਂ ਉਹ ਗੁਰਸਿਖ ਨੂੰ ਕਹਿੰਦੇ ਹਨ ਕਿ :—

ਸਿਰੁ ਧਰਿ ਤਲੀ ਗਲੀ ਮੇਰੀ ਆਓ...੨੦॥

[ਸਲੋਕ ਮ: ੧, ਪੰਨਾ ੧੪੧੨

ਇਸ ਕੁਰਬਾਨੀ ਵਿਚ ਹੋਰ ਕੋਈ ਕੀ ਵਾਧਾ ਕਰ ਦਿਖਾਏਗਾ ? ਏਥੇ ਤਾਂ ਪਹਿਲੋਂ ਹੀ ਅਖੀਰ ਹੋਈ ਪਈ ਹੈ।

ਏਸੇ ਪ੍ਰਕਾਰ ਹੀ ਸਤਿਗੁਰਾਂ ਦਾ 'ਭਲਕੇ ਉਠਣ' ਤੋਂ ਭਲਕ ਦੇ ਉਸ ਸਮੇਂ ਵਲ ਇਸ਼ਾਰਾ ਜਾਪਦਾ ਹੈ ਜਿਸ ਸਮੇਂ ਤੋਂ ਭਲਕ ਸ਼ੁਰੂ ਹੀ ਹੋਂਦਾ ਹੋਵੇ। ਤਾਂ ਫਿਰ ਇਸ ਵਿਚ ਕੋਈ ਵਧਾਣ ਕੀ ਕਰੇਗਾ ? ਨਾਲੇ ਇਹ ਵੀ ਗੱਲ ਹੈ ਕਿ ਪਿਛਲੀ ਰਾਤ ਦੀ ਸੰਭਾਲ ਕਰਨ ਲਈ ਭਲਕ ਦੇ ਅਰੰਭ ਵਿਚ ਹੀ ਉਠਣਾ ਪਏਗਾ।

ਤਾਂਤੇ ਗੁਰੂ ਸਾਹਿਬ ਜੀ ਦਾ ਹੁਕਮ ਹੀ ਪੂਰਾ ਅਤੇ ਅਟੱਲ ਹੈ। ਅਤੇ 'ਭਲਕ' ਤੋਂ ਭਾਵ 'ਭਲਕ' ਦੇ ਆਰੰਭ ਦਾ ਹੀ ਹੈ। ਇਸ ਲਈ



www.AKJ.Org

ਅੰਮ੍ਰਿਤ ਵੇਲਾ 'ਭਲਕ' ਦੇ ਆਰੰਭ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਅਗਲੀ ਤੁਕ ਰਾਹੀਂ ਤਾਂ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਦੀ ਵਡਿਆਈ ਅਤੇ ਬਖ਼ਸ਼ਸ਼ ਖ਼ੂਬ ਉਭਾਰ ਕੇ ਦਰਸਾਈ ਹੈ।

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ
ਸੁਣੀ ਪੁਕਾਰ ॥੧॥(੧੬)
[ਵਾਰ ਮਲਾਰ, ਪੰਨਾ ੧੨੮੫

ਇਸ ਤੁਕ ਅੰਦਰ ਬਹੁਤਾ ਜ਼ੋਰ 'ਤਾਂ' ਸ਼ਬਦ ਉੱਤੇ ਹੈ। ਭਾਵ ਕਿ, ਬਾਬੀਹਾ ਅੰਮ੍ਰਿਤ ਵੇਲੇ ਬੋਲਿਆ ਹੈ 'ਗੁਰਸਿਖ ਬਾਬੀਹੇ ਨੇ ਅੰਮ੍ਰਿਤ ਵੇਲੇ ਨਾਮ ਜਪਿਆ ਹੈ) ਤਾਂ ਹੀ ਉਸ ਦੀ ਪੁਕਾਰ (ਨਾਮ-ਗੁੰਜਾਰ) ਹਰਿ ਦਰਗਾਹਿ ਸੁਣੀ ਗਈ ਹੈ। ਅਤੇ ਰੱਬ ਨੇ ਅੰਮ੍ਰਿਤ-ਮੇਘੇ ਨੂੰ ਕਿਰਪਾ ਕਰ ਕੇ ਨਾਮ-ਰਸ ਗਟਾਕੀ ਵਰਖਾ ਵਰਖਾਉਣ ਦਾ ਹੁਕਮ ਦੇ ਦਿਤਾ ਹੈ, ਤਾਂ ਜੁ ਗੁਰਸਿਖ - ਬਬੀਹਾ ਨਾਮ-ਰਸ ਪੀ ਪੀ ਕੇ ਤ੍ਰਿਪਤ ਹੋਂਦਾ ਰਹੇ। ਇਸ ਤੁਕ ਦਾ ਲੁਪਤ (inferred) ਭਾਵ ਇਹ ਹੈ ਕਿ ਜੇ ਗੁਰਸਿਖ-ਬਬੀਹਾ ਅੰਮ੍ਰਿਤ ਵੇਲੇ ਨਾ ਬੋਲੇ ਤਾਂ ਉਸ ਦੀ ਪੁਕਾਰ ਹਰਿ ਦਰਗਾਹਿ ਨਹੀਂ ਸੁਣੀ ਜਾਇਗੀ। ਬਬੀਹੇ ਦੀ ਪੁਕਾਰ ਦਾ ਹਰਿ ਦਰਗਾਹਿ ਸੁਣਿਆ ਜਾਣਾ ਅੰਮ੍ਰਿਤ ਵੇਲੇ ਉੱਠਣ ਨਾਲ ਲਾਜ਼ਮੀ ਤੌਰ ਤੇ ਸਬੰਧਤ ਹੈ। — ਤਾਂ ਦਰਿ ਸੁਣੀ ਪੁਕਾਰ'—ਗੁਰਸਿਖ ਦੀ ਪੁਕਾਰ ਹਰਿ-ਦਰਗਹਿ ਤਾਂ ਸੁਣੀ ਗਈ ਹੈ, ਕਿਉਂਕਿ ਉਹ ਅੰਮ੍ਰਿਤ ਵੇਲੇ ਬੋਲਿਆ ਹੈ।

ਗੱਲ ਭੀ ਤਾਂ ਠੀਕ ਹੀ ਲਗਦੀ ਹੈ ਕਿ ਨਾਮ ਕੀ ਬੇਲਾ (ਅੰਮ੍ਰਿਤ ਵੇਲੇ) ਤਾਂ ਸਿੱਖ ਸੁੱਤਾ ਪਿਆ ਹੋਵੇ ਅਤੇ ਨਾਮ ਜਪਣ ਦੀ ਥਾਉਂ ਘੁਰਾੜੇ ਖੜਕਾਅ ਰਿਹਾ ਹੋਵੇ। ਫਿਰ ਸਹਿਜ ਮਤੇ ਨਾਲ (ਆਪਣੀ ਮਰਜ਼ੀ ਨਾਲ) ਉਠ ਕੇ ਉਮੀਦ ਕਰੇ ਕਿ ਹੁਣ ਮੇਰੀ ਪੁਕਾਰ ਹਰਿ ਦਰਗਾਹਿ ਸੁਣੀ ਜਾਏ ਤਾਂ ਇਹ ਮਨਮਤੀ ਜ਼ੋਰਾਵਰੀ ਹੈ। ਜਦ ਹਰਿ ਦਰਗਾਹਿ ਦਾ ਮਾਲਕ (ਪੁਕਾਰ ਸੁਣਨ ਵਾਲਾ) ਖ਼ੁਦ ਆਪ ਕਹਿ ਰਿਹਾ ਹੋਵੇ ਕਿ "ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ" ਤਾਂ ਤੇ ਅੰਮ੍ਰਿਤ ਵੇਲੇ ਦੀ ਪੁਕਾਰ ਹੀ ਹਰਿ ਦਰਗਹਿ ਸੁਣੀ ਜਾਏਗੀ।

ਆਪਾਂ ਇਕ ਵਾਰੀਂ ਫਿਰ ਇਸ ਸ਼ਬਦ ਵਲ ਧਿਆਨ ਕਰੀਏ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ
ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ
ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ
ਨਾਵੈ ॥ . (੩੦੫)

ਇਸ ਧੁਰੋਂ ਆਏ ਪਾਵਨ ਗੁਰਬਾਣੀ ਦੇ ਸ਼ਬਦ ਰਾਹੀਂ ਸਤਿਗੁਰਾਂ ਨੇ ਨਾਮ ਜਪਣ ਦੀ ਜੁਗਤੀ (ਬਿਧੀ) ਦਰਸਾਈ ਹੈ —

੧. ਮਾਨੁਖ ਸਭ ਤੋਂ ਪਹਿਲੋਂ ਸਤਿਗੁਰ ਦਾ ਸਿੱਖ ਅਖਾਏ। ਭਾਵਕਿ ਅੰਮ੍ਰਿਤ ਛਕੇ।

ਉਪਰੰਤ:—

੨. ਹਰ ਰੋਜ਼ ਭਲਕੇ (ਅੰਮ੍ਰਿਤ ਵੇਲੇ) ਉੱਠੇ।
੩. ਜੰਗਲ, ਪਾਣੀ, ਦਾਤਣ, ਇਸ਼ਨਾਨ ਦੀ ਸਾਧਨਾ ਸਾਧੇ।
੪. ਇਕਾਗਰ-ਚਿਤ ਬੈਠ ਕੇ ਸਾਸਿ ਗਿਰਾਸਿ ਨਾਮ ਜਪੇ।
੫. ਦਿਨ-ਚੜ੍ਹੇ ਗੁਰਬਾਣੀ ਗਾਇਨ ਕਰੇ, ਅਥਵਾ ਸੁਣੇ।

ਇਹ ਹੈ ਆਪ ਨਾਮ ਜਪਣ ਦੀ ਜੁਗਤੀ। ਏਸੇ ਜੁਗਤੀ ਨਾਲ ਹੋਰਨਾਂ ਨੂੰ ਨਾਮ ਜਪਣ ਦਾ ਉਪਦੇਸ਼ ਕਰੇ (ਅਵਰਹ ਨਾਮੁ ਜਪਾਵੈ) ਭਾਵ, ਕਿ ਹੋਰਨਾਂ ਨੂੰ ਗੁਰਦੀਖਿਅਤ ਹੋਣ ਲਈ ਪ੍ਰੇਰੇ।

ਇਸ ਸ਼ਬਦ ਅੰਦਰ ਖ਼ਾਸੁਲ ਖ਼ਾਸ ਧਿਆਨ ਜੋਗ 'ਉਦਮ ਕਰੇ' ਸ਼ਬਦ ਹੈ। 'ਉਦਮ ਕਰੇ' ਦਾ ਭਾਵ ਹੈ ਕਿ ਗੁਰਸਿਖ ਅੰਮ੍ਰਿਤ ਵੇਲੇ ਨੂੰ ਸੰਭਾਲਣ ਲਈ ਤੱਤਪਰ ਹੋ ਜਾਏ; ਸੁਸਤੀ, ਦਲਿੱਦਰ ਅਤੇ ਨੀਂਦ ਤਿਆਗਣ ਲਈ ਕਮਰ-ਕੱਸਾ ( Full determination ) ਕਰੇ। ਸਿਰ-ਧੜ ਦੀ ਲਗਾ ਦੇਵੇ ਕਿ ਅੰਮ੍ਰਿਤ-ਵੇਲਾ ਜ਼ਰੂਰ ਸੰਭਾਲਣਾ ਹੈ, ਭਾਵੇਂ ਕੁਝ ਹੋ ਜਾਵੇ। ਉੱਦਮ ਕਰਨ ਦਾ ਭਾਵ ਹੈ ਕਿ ਜਿਹੜੀਆਂ ਚੀਜ਼ਾਂ ਜਾ ਬਿਰਤੀਆਂ ਭਗਤੀ ਦੇ ਰਾਹ ਵਿਚ ਰੁਕਾਵਟਾਂ ਪਾਉਂਦੀਆਂ ਹੋਣ ਉਨ੍ਹਾਂ ਉੱਤੇ



www.AKJ.Org

ਭਾਰੂ ਹੋਣਾ। ਤਾਹੀਓਂ ਹੀ ਦਸਵੇਂ ਜਾਮੇ ਵਿਚ ਗੁਰੂ ਜੀ ਨੇ ਬੀਰ-ਆਸਣੀ, ਕਮਰ-ਕੱਸ-ਫੁਰਤੀਲਾ, ਖੰਡਾਕਾਰੀ. ਸ਼ਸਤ੍ਰਧਾਰੀ, ਪਰਲੇ ਦਰਜੇ ਦਾ ਉੱਦਮੀ ਗੁਰਸਿਖ ਸੰਵਾਰ ਧਰਿਆ ਸੀ।

ਇਥੇ ਸਾਡਾ ਸਨਬੰਧ 'ਅੰਮ੍ਰਿਤ ਵੇਲੇ' ਨਾਲ ਹੈ ਇਸ ਲਈ ਅਸੀਂ 'ਅੰਮ੍ਰਿਤ ਵੇਲੇ' ਨੂੰ ਹੀ ਧਿਆਨ ਵਿਚ ਰੱਖਣਾ ਹੈ। ਹਰ ਰੋਜ਼ ਉਮਰ-ਭਰ ਲਈ ਪਿਛਲੀ ਰਾਤ ਜਾਗਣਾ, ਇਸ਼ਨਾਨਾ ਸੋਧਣਾ ਅਤੇ ਸਾਸਿ ਸਾਸਿ ਨਾਮ ਜਪਣਾ, ਫਿਰ ਦਿਨੇ ਆਪਣੀ ਕਿਰਤ ਕਰਨਾ ਸਹਿਲੀ ਬਾਤ ਨਹੀਂ ਹੈ। ਇਹ ਕਰੜੀ ਘਾਲ ਹੈ। ਜੇ ਸਹਿਲੀ ਗੱਲ ਹੋਂਦੀ ਤਾਂ ਗੁਰੂ ਜੀ ਸਿਖ ਨੂੰ 'ਉੱਦਮ' ਕਰਨ ਦਾ ਹੁਕਮ ਨਾ ਦੇਂਦੇ। ਗੁਰੂ ਸਾਹਿਬ ਇਸ ਕਰੜੀ ਰਹਿਤ ਦੀ ਸਾਖਾ ਭਰਦੇ ਹੋਏ ਫ਼ੁਰਮਾਉਂਦੇ ਹਨ –

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ
ਸੁਖ ਨੀਦ ਬਿਹਾਇ ॥ ਹਮਹੁ ਜੁ ਬੂਝਾ
ਬੂਝਨਾ ਪੂਰੀ ਪਰੀ ਬਲਾਇ ॥੧੮੧॥

[ਸਲੋਕ ਕਬੀਰ ਜੀ, ਪੰਨਾ ੧੩੭੪

ਇਹ ਅੰਮ੍ਰਿਤ ਵੇਲੇ ਦੀ ਕਰੜੀ ਘਾਲ ਅਤੇ ਗੁਰਸਿਖੀ ਮਾਰਗ (ਹਰਿ ਮਾਰਗ) ਉੱਤੇ ਚੱਲਣ ਦੀ ਪਾਬੰਦ ਜੀਵਨੀ ਵੱਲ ਹਾਸ-ਰਸੀ ਇਸ਼ਾਰਾ ਹੈ।

ਅੰਮ੍ਰਿਤ ਵੇਲੇ ਦਾ ਵਾਯੂ-ਮੰਡਲ ਇਕਾਗਰ-ਚਿੱਤ ਹੋਣ ਲਈ ਬੜਾ ਸਹਾਈ ਹੋਂਦਾ ਹੈ, ਕਿਉਂਕਿ ਏਸ ਵੇਲੇ ਸਾਰਾ ਕਲਜੁਗ ਸੁਸਰੀ ਵੱਤ ਸੁੱਤਾ ਪਿਆ ਹੋਂਦਾ ਹੈ ਨਾ ਕੋਈ ਵਿਘਨਕਾਰੀ ਆਵਾਜ਼ ਅਤੇ ਨਾ ਹੀ ਕੋਈ ਵਿਕਾਰੀ ਖ਼ਿਆਲ ਵਾਯੂ-ਮੰਡਲ ਨੂੰ ਵਿਗਾੜਨ ਵਾਲੇ ਹੋਂਦੇ ਹਨ। ਗੁਰਸਿਖ ਬਣਨਾ ਇਕ ਬਾਤ ਹੈ, ਅਤੇ ਗੁਰਸਿਖ ਬਣੇ ਰਹਿਣਾ ਦੂਜੀ ਬਾਤ ਹੈ। ਇਸ ਹੁਕਮ ਵਿੱਚ 'ਜੋ' ਅਤੇ 'ਸੁ' ਦਾ ਆਪਸ ਵਿਚ ਦੀ ਇਕ ਦੂਜੇ ਨੂੰ ਪੂਰਾ ਕਰਨ ਵਾਲਾ ( Complementry ) ਸਨਬੰਧ ਹੈ। ਜੋ ਗੁਰਸਿਖ ਅਖਾਏ ਸੁ ਭਲਕੇ ਉੱਠੇ। ਇਸ ਦਾ ਭਾਵ ਇਹ ਹੋਇਆ ਕਿ ਜੇ ਭਲਕੇ ਨਾ ਉੱਠੇ ਤਾਂ ਕੀ ਉਹ ਗੁਰਸਿਖ ਨਹੀਂ ਕਹਿਲਾ ਸੱਕੇਗਾ ? ਇਹ ਹੁਣ ਅਸੀਂ ਆਪੇ ਹੀ ਸਮਝ ਲਈਏ। ਭਲਕੇ ਨਾ ਉੱਠਣ ਵਾਲੇ ਗੁਰਸਿਖੀ ਤੋਂ ਥੱਲੇ ਰਹਿ ਜਾਣਗੇ।

ਸਿੱਖ ਦੀ ਸਿੱਖੀ ਤਾਂ ਗੁਰੂ ਜੀ ਦੀ ਸਿੱਖਿਆ ਉੱਤੇ ਚੱਲਣ ਨਾਲ ਹੀ ਕਾਇਮ ਹੈ। ਜੇ ਅਸੀਂ ਗੁਰੂ ਜੀ ਦੀ ਸਿਖਿਆ ਹੀ ਨਹੀਂ ਮੰਨਣੀ ਜਾਂ ਉਸ ਦੀ ਸਿਖਿਆ ਦੀ ਕਾਂਟ-ਛਾਂਟ ਕਰ ਕੇ ਆਪਣੀ ਮਰਜ਼ੀ ਮੁਤਾਬਿਕ ਮੰਨਣੀ ਹੈ ਤਾਂ ਅਸੀਂ ਸਿੱਖ ਕਿਸ ਗੱਲ ਦੇ ਹੋਏ ? ਗੁਰ-ਹੁਕਮਾਂ ਦੀ ਖਿੱਚਾ-ਧੂਹ ਜਾਂ ਤੋੜਾ-ਫੋੜੀ ਕਰਨੋਂ ਗੁਰੂ ਜੀ ਨੇ ਸਾਨੂੰ ਬੜੀ ਤਾੜਨਾ ਸਹਿਤ ਰੋਕਿਆ ਹੈ। ਯਥਾ:–

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ
ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ
ਚਲੈ ਭਾਈ ਵਿਛੁੜਿ ਚੋਟਾ ਖਾਵੈ ...॥੧॥

[ਸੋਰਠ ਮ: ੩ ਪੰਨਾ ੬੦੧-੨

ਦੇਖੋ ਢਿਲਿਆਈ ਵਰਤਾਉਣ ਵਾਲਿਆਂ ਲਈ ਕਿਤਨੀ ਸਖ਼ਤ ਤਨਖਾਹ ਹੈ।

ਜੇ ਭਲਾ ਸਾਡਾ ਜੀਵਨ ਢਿੱਲਾ-ਮਢਿੱਲਾ ਹੋਂਦਿਆਂ ਹੋਇਆ ਭੀ ਸਾਡੀ ਆਤਮਕ ਅਵਸਥਾ ਕੁਝ ਚੰਗੀ ਹੈ, ਜਾਂ ਸਾਨੂੰ ਕਾਰੋ ਬਾਰ ਵਿਚ ਸਫਲਤਾ ਹੈ, ਜਾਂ ਸਾਡੀਆਂ ਸੰਸਾਰਕ ਔਕੜਾਂ ਰੱਬੋਂ ਹੀ ਦੂਰ ਹੋ ਜਾਂਦੀਆਂ ਹਨ, ਜਾਂ ਸਾਨੂੰ ਬਚਨ ਵਿੱਚ ਥੋੜੀ ਬਹੁਤ ਸਿੱਧੀ ਪ੍ਰਾਪਤ ਹੈ, ਤਾਂ ਇਹ ਨਾ ਸਮਝ ਲਈਏ ਕਿ ਸਾਡੀ ਢਿਲਿਆਈ ਉੱਤੇ ਗੁਰੂ ਜੀ ਨੇ ਮਨਜ਼ੂਰੀ ਦੀ ਮੋਹਰ ਲਗਾ ਦਿਤੀ ਹੈ। ਇਸ ਨੂੰ ਸਤਿਗੁਰਾਂ ਦੀ ਬਖ਼ਸ਼ਸ਼ ਸਮਝੀਏ ਕਿ ਉਸ ਨੇ ਸਾਡੇ ਔਗਣ ਨਹੀਂ ਚਿਤਾਰੇ। ਢਿਲਿਆਈ ਤਾਂ ਢਿਲਿਆਈ ਹੀ ਹੈ। ਸਿੱਖੀ ਮਾਰਗ ਇਕ ਪੂਰਨ ਨਿਰਮਲ ਰੀਤ ਹੈ।

ਗੁਰੂ ਸਾਹਿਬ ਜੀ ਦੇ ਸਾਨੂੰ ਬਖ਼ਸ਼ੇ ਹੁਕਮ ਚੋਟੀ ਦੇ ਹਨ। ਅਤੇ ਸਾਡੇ ਸਾਹਮਣੇ ਰੱਖੀਆਂ ਮਿਸਾਲਾਂ ਭੀ ਚੋਟੀ ਦੀਆਂ ਹਨ। ਘੜੀ ਦੀ ਘੜੀ ਆਪਣਾ ਖ਼ਿਆਲ ਗੁਰੂ ਨਾਨਕ ਸਾਹਿਬ ਜੀ ਦੇ ਪੰਜਵੇਂ ਜਾਮੇ ਵੱਲ ਲੈ ਚਲੀਏ। ਗੁਰੂ ਘਰ ਦੇ ਰਬਾਬੀ ਨੇ ਆਪਣੀ ਲੜਕੀ ਦੀ ਸ਼ਾਦੀ ਲਈਂ ਮਾਇਆ ਦੀ ਸਹਾਇਤਾ ਵਜਹੁ ਗੁਰੂ ਜੀ ਪਾਸੋਂ ਇੱਕ


www.AKJ.Org

ਦਿਨ ਦਾ ਸਾਰਾ ਚੜ੍ਹਾਵਾ ਮੰਗਿਆ। ਰੱਬ ਨੇਤ ਉਸ ਦਿਨ ਚੜ੍ਹਾਵਾ ਚੜ੍ਹਿਆ ਹੀ ਨਾ। ਫਿਰ ਰਬਾਬੀ ਨੇ ਗੁਰੂ ਜੀ ਪਾਸੋਂ ਹਰ ਸਿੱਖ ਪ੍ਰਤੀ ਇਕ ਟੱਕੇ ਦੀ ਜਾਚਨਾ ਕੀਤੀ। ਤਾਂ ਸਤਿਗੁਰਾਂ ਨੇ ਰਬਾਬੀ ਦੀ ਬੇਨਤੀ ਪ੍ਰਵਾਨ ਕਰ ਕੇ ਰਬਾਬੀ ਦੀ ਝੋਲੀ ਵਿਚ ਸਾਢੇ ਚਾਰ ਟੱਕੇ ਪਾ ਦਿਤੇ ਅਤੇ ਕਿਹਾ– "ਇਕ ਟੱਕਾ ਗੁਰੂ ਨਾਨਕ ਸਾਹਿਬ ਜੀ ਦਾ, ਦੂਜਾ ਟੱਕਾ ਗੁਰੂ ਅੰਗਦ ਸਾਹਿਬ ਜੀ ਦਾ, ਤੀਜਾ ਟੱਕਾ ਗੁਰੂ ਅਮਰਦਾਸ ਸਾਹਿਬ ਜੀ ਦਾ, ਚੌਥਾ ਟੱਕਾ ਗੁਰੂ ਰਾਮਦਾਸ ਸਾਹਿਬ ਜੀ ਦਾ ਅਤੇ ਅੱਧਾ ਟੱਕਾ ਮੇਰਾ, ਕਿਉਂਕਿ ਮੈਂ ਅਜੇ ਅੱਧਾ ਸਿਖ ਹਾਂ।" ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ। ਇਹ ਹੈ ਸਿੱਖੀ ਦਾ ਮਿਆਰ। ਵਾਹਿਗੁਰੂ ਸਾਨੂੰ ਬਖ਼ਸ਼ੇ। ਅਸੀਂ ਤਾਂ ਆਪਣੇ ਆਪ ਨੂੰ ਕੇਵਲ ਸਿੱਖ ਹੀ ਨਹੀਂ ਅਖਵਾਉਂਦੇ ਸਗੋਂ ਸਿੱਖੀ ਤੋਂ ਭੀ ਇਕ ਦੋ ਕਦਮ ਅਗਾਂਹ ਹੀ ਦੱਸਣ ਦੀ ਕੋਸ਼ਿਸ਼ ਕਰਦੇ ਹਾਂ।

ਗੁਰਬਾਣੀ ਦੀ ਵੀਚਾਰ ਤੋਂ ਸਾਨੂੰ ਇਹ ਸਿੱਕੇ-ਬੰਦ ਗੱਲ ਹੱਥ ਆ ਗਈ ਹੈ ਕਿ ਗੁਰਸਿਖ ਨੂੰ ਅੰਮ੍ਰਿਤ ਵੇਲਾ ਜ਼ਰੂਰ ਸੰਭਾਲਣਾ ਚਾਹੀਦਾ ਹੈ। ਤਾਹੀਓਂ ਹੀ ਗੁਰਸਿਖਾਂ ਬਾਰੇ ਗੁਰੂ ਜੀ ਫ਼ੁਰਮਾਉਂਦੇ ਹਨ ਕਿ :–

ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ... ॥੧੧॥

[ਵਡਹੰਸ ਕੀ ਵਾਰ, ਪੰਨਾ ੫੯੦

ਇਹ ਉਹ ਸਿਖ ਨਹੀਂ ਹਨ ਜਿਹੜੇ ਪਿਛਲੀ ਰਾਤੇ ਘੁਰਾੜਿਆਂ ਵਿਚ ਪ੍ਰੋਤੇ ਪਏ ਹੋਏ ਹੋਣ।

ਹੋਰਨਾਂ ਨੂੰ ਗੁਰਸਿਖੀ ਮਾਰਗ ਉੱਤੇ ਲਿਆਉਣ ਦੀ ਪ੍ਰੇਰਨਾ ਕਰਨ ਦੇ ਕਈ ਢੰਗ ਹਨ। ਯਥਾ, ਗੱਲੀਂ ਬਾਤੀਂ ਉਪਦੇਸ਼ ਕਰਨਾ, ਲਿਖਤ ਰਾਹੀਂ ਉਪਦੇਸ਼ ਕਰਨਾ, ਕੀਰਤਨ ਰਾਹੀਂ ਉਪਦੇਸ਼ ਕਰਨਾ, ਅਤੇ ਪੰਚਾਂ ਦੀ ਸੇਵਾ ਰਾਹੀਂ ਉਪਦੇਸ਼ ਕਰਨਾ। ਸਤਿਗੁਰਾਂ ਨੇ ਇਹ ਉਪਦੇਸ਼ ਕਰਨ ਦੀ ਡੀਊਟੀ ਗੁਰਸਿਖ ਦੀ ਹੀ ਲਗਾਈ ਹੈ ਕਿਉਂਕਿ :–

ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ.. ॥੨॥੫॥

[ਵਾਰ ਮਾਝ, ਪੰਨਾ ੧੪੦

ਇਸ ਸੂਚਨਾ ਰਾਹੀਂ ਗੁਰੂ ਜੀ ਨੇ ਢਿੱਲੇ ਸਿੱਖਾਂ ਨੂੰ ਹੋਰਨਾਂ ਨੂੰ ਉਪਦੇਸ਼ ਕਰਨੋਂ ਰੋਕ ਦਿਤਾ ਹੈ।

ਅੰਮ੍ਰਿਤਧਾਰੀ ਹੋਣਾ ਅਤੇ ਅੰਮ੍ਰਿਤ ਵੇਲਾ ਸੰਭਾਲਣਾ, ਇਹ ਗੁਰਸਿੱਖੀ ਜੀਵਨ ਦੇ ਦੋ ਅਹੱਮ (ਅਤੀ ਜ਼ਰੂਰੀ) ਅੰਗ ਹਨ, ਅਤੇ ਇਕ ਦੂਸਰੇ ਉੱਤੇ ਨਿਰਭਰ ਹਨ। ਇਹੀ ਹਰਿ ਮਾਰਗ ਹੈ। ਇਹ ਹੀ ਗੁਰਸਿੱਖੀ ਮਾਰਗ ਹੈ। ਗੁਰਸਿਖ ਹੈ ਹੀ ਉਹ ਜਿਹੜਾ ਇਸ ਮਾਰਗ ਦਾ ਪਾਂਧੀ ਹੋਵੇ। ਜਿਹੜਾ ਅੰਮ੍ਰਿਤ ਵੇਲਾ ਹੀ ਨਹੀਂ ਸੰਭਾਲਦਾ (ਭਾਵ ਕਿ ਹਰਿ-ਮਾਰਗ ਉਤੇ ਨਹੀਂ ਚਲਦਾ) ਉਹ ਦੂਸਰਿਆਂ ਨੂੰ ਗੁਰਸਿੱਖੀ ਦਾ ਉਪਦੇਸ਼ ਨਹੀਂ ਕਰ ਸਕਦਾ। ਗੁਰੂ ਸਾਹਿਬਾਂ ਨੇ ਹੁਕਮਨ ਢਿੱਲੇ ਸਿਖਾਂ ਨੂੰ ਦੂਸਰਿਆਂ ਨੂੰ ਉਪਦੇਸ਼ ਕਰਨੋਂ ਰੋਕ ਰੱਖਿਆ ਹੋਇਆ ਹੈ। ਤਾਹੀਓਂ ਹੀ ਉਪਦੇਸ਼ਕਾਂ ਨੂੰ ਆਪ ਹਰਿ ਮਾਰਗ ਉਤੇ ਚੱਲਣਾ ਜ਼ਰੂਰੀ ਦਰਸਾਇਆ ਹੈ।

ਜੇ ਕੋਈ ਢਿੱਲਾ ਸਿੱਖ ਉਪਰਲਾ ਮਨਾਹੀ ਹੁਕਮ ਪੜ੍ਹ ਕੇ ਭੀ ਉਪਦੇਸ਼ ਕਰਨ ਤੋਂ ਬਾਜ਼ ਨਾ ਆਵੇ ਤਾ ਗੁਰੂ ਜੀ ਐਸੇ ਢਿੱਲੇ ਸਿਖ ਨੂੰ ਉਸ ਦੀ ਤਨਖ਼ਾਹ ਭੀ ਸੁਣਾ ਦੇਂਦੇ ਹਨ। ਯਥਾ:–

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ.. ॥੭॥(੫)

[ਸੁਖਮਨੀ ਮ: ੫, ਪੰਨਾ ੨੬੯

ਇਹ ਗੱਲ ਭੀ ਤਾਂ ਠੀਕ ਹੀ ਹੈ। ਗੁਰੂ ਹੋਵੇ ਪੂਰਾ, ਉਸ ਦਾ ਚਲਾਇਆ ਸਿਖੀ ਮਾਰਗ ਹੋਵੇ ਪੂਰਾ, ਉਸ ਦਾ ਉਪਦੇਸ਼ ਹੋਵੇ ਪੂਰਾ, ਤਾਂ ਫਿਰ ਉਹ ਆਪਣਾ ਪੂਰਾ ਉਪਦੇਸ਼ ਅਭਿਲਾਸ਼ੀਆਂ ਤਕ ਪਹੁੰਚਾਣ ਦੀ ਪਾਵਨ ਡੀਊਟੀ ਅਧੂਰੇ ਜਾਂ ਢਿੱਲੇ ਸਿੱਖਾਂ ਦੇ ਹੱਥ ਕਿਸ ਤਰ੍ਹਾਂ ਦੇ ਸਕਦਾ ਹੈ। ਢਿੱਲਾ ਸਿੱਖ ਢਿਲਿਆਈ ਦੀ ਮਿਸਾਲ ਹੀ ਪੇਸ਼ ਕਰੇਗਾ। ਜੇ ਪੰਥ ਦੀ ਵਾਗ-ਡੋਰ ਢਿੱਲਿਆਂ ਦੇ ਹੱਥ ਵਿਚ ਨਾ ਆਉਂਦੀ ਤਾਂ ਅੱਜ ਸਿੱਖੀ ਦੇ ਪ੍ਰਚਾਰ ਦੀ ਫਿਲਮੀ ਸਟੇਜਾਂ ਉੱਤੇ ਦੁਰਦਿਸ਼ਾ



www.AKJ.Org

ਨਾ ਹੋਂਦੀ। ਗੁਰੂ ਸਾਹਿਬ ਤਾਂ ਢਿੱਲੇ ਸਿਖ ਨੂੰ ਵੀ ਸਿੱਖੀ ਦਾ ਪ੍ਰਚਾਰ ਨਹੀਂ ਕਰਨ ਦੇਂਦੇ। ਪਰ ਅਸੀਂ ਇਹ ਪ੍ਰਚਾਰ ਫ਼ਿਲਮੀ ਐਕਟਰਾਂ ਪਾਸੋਂ ਕਰਵਾ ਰਹੇ ਹਾਂ :—

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ
ਥਾਉ ॥੧॥(੨੦)

[ਵਾਰ ਸਾਰੰਗ, ਪੰਨਾ ੧੨੪੫

ਇਹ ਭੀ ਲੇਖੇ ਹੋਣਗੇ, ਅਤੇ ਡਾਢੇ ਹੋਣਗੇ ਮੇਰੀ ਜਿੰਦੜੀਏ!

ਅਰਦਾਸ ਹੈ ਕਿ ਹੇ ਬਖ਼ਸ਼ਣਹਾਰ ਸਤਿਗੁਰੂ ਜੀ! ਸਾਡੇ ਉੱਤੇ ਮੇਹਰ ਕਰੋ । ਸਾਡੀ ਪਿਛਲੀ ਭੁਲ ਬਖ਼ਸ਼ ਲਉ । ਅਸੀਂ ਲਾ - ਇਲਮੀ ਵਿਚ ਜਿਸ ਸਮੇਂ ਨੂੰ ਅੰਮ੍ਰਿਤ ਵੇਲਾ ਸਮਝਦੇ ਰਹੇ ਹਾਂ ਉਸ ਸਮੇਂ ਹੀ ਉੱਠਣ ਦਾ ਯਤਨ ਕਰਦੇ ਰਹੇ ਹਾਂ। ਪਰ ਹੁਣ ਗੁਰਬਾਣੀ ਨੇ ਆਪ ਜੀ ਦੀ ਬਖ਼ਸ਼ਸ਼ ਸਦਕਾ ਇਹ ਸੂਝ ਬਖ਼ਸ਼ੀ ਹੈ ਕਿ ਅੰਮ੍ਰਿਤ ਵੇਲਾ ਭਲਕੇ ਸ਼ੁਰੂ ਹੋਂਦਾ ਹੈ । ਆਪ ਜੀ ਸਹਾਈ ਹੋਵੋ ਅਤੇ ਸਾਡੀ ਬਾਂਹ ਫੜ ਕੇ ਸੰਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ ਬਖ਼ਸ਼ੋ ਜੀ। ਸਾਡੇ ਕੁਝ ਵਸ ਨਹੀਂ ਹੈ। ਕੇਵਲ ਆਪ ਜੀ ਦੀ ਕਿਰਪਾ ਦਾ ਹੀ ਆਸਰਾ ਹੈ।

ਵਾਧ ਘਾਟ ਵੱਲੋਂ ਦਾਸ ਸੰਗਤ ਪਾਸੋਂ ਖਿਮਾਂ ਦਾ ਜਾਚਕ ਹੈ ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਹ ।

—o—

# ਪਾਗਲ ਪਨ

[ਵਲੋਂ—ਸੁਰਗਵਾਸੀ ਮਾਸਟਰ ਤਾਰਾ ਸਿੰਘ ਜੀ]

ਦੁਨੀਆਂ ਸਭ ਮਰਦੀ ਜਾਂਦੀ ਹੈ। ਭਾਜੜ ਪਈ ਹੋਈ ਹੈ। ਸਭ ਅਗਾਹਾਂ ਵਧ ਵਧ ਕੇ ਮੌਤ ਵੱਲ ਭੱਜ ਰਹੇ ਹਨ; ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਭ ਦੇ ਦਿਲ ਵਿਚ ਇਹ ਭੀ ਬੈਠਾ ਹੈ ਕਿ ਮੈਂ ਮਰਨਾ ਨਹੀਂ ਹੈ। ਸਭ ਤੋਂ ਵੱਧ ਪੱਕੀ ਗੱਲ, ਜਿਸ ਤੋਂ ਕੋਈ ਇਨਕਾਰ ਨਹੀਂ ਕਰਦਾ; 'ਮੌਤ' ਹੈ । ਪਰ ਸਭ ਇਤਨਾ ਪੱਕਾ ਜਾਣਦੇ ਹੋਏ ਭੀ ਕੋਈ ਇਸ ਉੱਤੇ ਨਿਸਚਾ ਨਹੀਂ ਕਰਦਾ । ਲੋਕ ਮਰਦੇ ਜਾਂਦੇ ਹਨ ਤੇ ਜੋ ਜੀਉਂਦੇ ਹਨ ਉਹਨਾਂ ਦੇ ਦਿਲ ਵਿਚ ਪੱਕਾ ਬੈਠਾ ਹੋਇਆ ਹੈ ਕਿ ਉਹਨਾਂ ਨਹੀਂ ਮਰਨਾ। ਜੇ ਕਿਸੇ ਨੂੰ ਪੁੱਛੋ ਤਾਂ ਸਭ ਮੰਨਣਗੇ ਕਿ ਸਭ ਨੇ ਮਰਨਾ ਹੈ। ਪਰ ਕੰਮ ਵੇਖੋ ਤਾਂ ਇਸੇ ਤਰ੍ਹਾਂ ਕੀਤੇ ਜਾ ਰਹੇ ਹਨ ਕਿ ਜਿਸ ਤਰ੍ਹਾਂ ਉਹਨਾਂ ਉੱਕਾ ਮਰਨਾ ਹੀ ਨਹੀਂ ਹੁੰਦਾ। ਮੌਤ ਵਲੋਂ ਸਭ ਬੇ-ਫਿਕਰ ਤੇ ਬੇ-ਪ੍ਰਵਾਹ ਜਾਪਦੇ ਹਨ । ਸਭ ਤੋਂ ਪੱਕੀ ਗੱਲ ਨੂੰ ਉੱਕਾ ਝੂਠਾ ਜਾਣਨਾ ਪਾਗਲ ਪਨ ਨਹੀਂ ਤਾਂ ਹੋਰ ਕੀ ਹੈ ? ਸੱਚ ਤਾਂ ਇਹ ਹੈ ਕਿ ਇਹ ਦੁਨੀਆਂ ਪਾਗਲਾਂ ਦੀ ਹੀ ਭਰੀ ਪਈ ਹੈ। ਸਭ ਕੋਈ ਭੱਜਾ ਜਾ ਰਿਹਾ ਹੈ; ਪਰ ਕਿਸੇ ਨੂੰ ਪਤਾ ਨਹੀਂ, 'ਕਿੱਧਰ' ? ਬੇਹੋਸ਼ੀ ਵਿਚ ਹੀ ਸਾਰਾ ਜੀਵਨ ਬਤੀਤ ਹੋ ਰਿਹਾ ਹੈ।

ਜੀਵਨ ਉਤੇ ਇਤਨਾ ਪੱਕਾ ਨਿਸਚਾ ਹੋਣਾ ਤੇ ਮੌਤ ਨੂੰ ਉੱਕਾ ਝੂਠਾ ਸਮਝਣਾ ਸਾਡੀ ਅੰਦਰਲੀ ਤਹਿ ਵਿਚ ਬੈਠਾ ਹੈ। ਇਸ ਦਾ ਕਾਰਣ ਇਹ ਤਾਂ ਨਹੀਂ ਕਿ ਅਸਲ ਵਿਚ ਗੱਲ ਭੀ ਇਹੋ ਠੀਕ ਹੋਵੇ ? ਜਿਸ ਨੂੰ ਅਸੀਂ ਮੌਤ ਸਮਝਦੇ ਹਾਂ, ਉਹ ਅਸਲ ਵਿਚ ਮੌਤ ਹੀ ਨਾ ਹੋਵੇ ਤੇ ਅਸੀਂ ਟਪਲਾ ਖਾ ਰਹੇ ਹੋਵੀਏ। ਇਹ ਸਚਾਈ ਸਾਡੇ ਅੰਦਰਲੇ ਆਤਮਾ ਨੂੰ ਪਤਾ ਹੋਣੀ ਹੈ ਤੇ ਉਹ ਸਾਨੂੰ ਵਡੇ ਟਪਲੇ ਤੋਂ ਬਚਾਂਦਾ ਹੈ, ਭਾਵੇਂ ਇਸ ਨਾਲ ਛੋਟੇ ਟਪਲਿਆਂ ਤੋਂ ਨਹੀਂ ਬਚਿਆ ਜਾਂਦਾ।

---

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਦੇਵੋ ਜੀ।*
*ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*



www.AKJ.Org

# ਬਾਣੀ ਬੀਚਾਰੀਐ ਜੀਉ (੨)

[ਵਲੋਂ—ਪ੍ਰੋ: ਗੁਰਮੁਖ ਸਿੰਘ ਜੀ ਕਪੂਰਥਲਾ]

ਪਿਛਲੇ ਲੇਖ ਵਿਚ ਕ੍ਰਿਆ ਬਾਰੇ ਇਹ ਦਸਿਆ ਗਿਆ ਸੀ ਕਿ ਇਸ ਵਿਚ ਕਈ ਥਾਈਂ ਕਰਤੀ ਜਾਂ ਕਰਮ ਨੂੰ ਪ੍ਰੋਇਆ ਹੁੰਦਾ ਹੈ। ਇਉਂ ਗੁਰਬਾਣੀ ਦੀ ਬੋਲੀ ਵਿਚ ਸੰਜੋਗਾਤਮਕ ਰੁਚੀਆਂ ਦਾ ਵਿਸ਼ੇਸ਼ਤਾ ਦੇ ਦਰਸ਼ਨ ਹੁੰਦੇ ਹਨ। ਅਜ ਦੀ ਪੰਜਾਬੀ ਭਾਸ਼ਾ ਵਿਚ ਖਿੰਡਵੀਆਂ ਰੁਚੀਆਂ ਆ ਗਈਆਂ ਹਨ। ਇਹੋ ਕਾਰਨ ਹੈ ਕਿ ਲੋਕਾਂ ਦੇ ਸੁਭਾਅ ਭੀ ਅਗੇ ਨਾਲੋਂ ਵਧੇਰੇ ਖਿੰਡੇ ਹੋਏ ਹਨ। ਬਾਣੀ ਦਾ ਪਾਠ ਕਰਨ ਨਾਲ ਸੁਰਤੀ ਟਿਕਾਉ ਵਿਚ ਆਉਂਦੀ ਹੈ।

ਕ੍ਰਿਆ ਦੇ ਤਿੰਨ ਕਾਲ ਸਾਰੀਆਂ ਭਾਸ਼ਾਵਾਂ ਵਿਚ ਮੰਨੇ ਜਾਂਦੇ ਹਨ——ਭੂਤ ਕਾਲ, ਵਰਤਮਾਨ ਕਾਲ, ਅਤੇ ਭਵਿਖਤ ਕਾਲ। ਇਥੇ ਸਭ ਤੋਂ ਪਹਿਲਾਂ ਵਰਤਮਾਨ ਕਾਲ ਬਾਰੇ ਵਿਚਾਰ ਕਰਦੇ ਹਾਂ।

ਵਰਤਮਾਨ ਕਾਲ ਅੰਗਰੇਜ਼ੀ ਭਾਸ਼ਾ ਅੰਦਰ ਤਿੰਨ ਥਾਵਾਂ ਤੇ ਵਰਤਿਆ ਜਾਂਦਾ ਹੈ :— ਸਚਾਈ ਪ੍ਰਗਟਾਉਣ ਲਈ, ਸਮਾਜਿਕ ਰਿਵਾਜ ਦਸਣ ਲਈ ਅਤੇ ਮਨੁਖੀ ਸੁਭਾਅ ਵਲ ਸੰਕੇਤ ਕਰਨ ਲਈ। ਸਚਾਈ (Universal Truth) "ਗਾਵੈ ਰਾਜਾ ਧਰਮੁ ਦੁਆਰੇ" ਤੋਂ ਪਰਗਟ ਹੁੰਦੀ ਹੈ।

ਰਿਵਾਜ—"ਓਇ ਲੇ 'ਜਾਰਹਿ' ਓਇ ਲੇ 'ਗਾਡਹਿ' ਤੇਰੀ ਗਤਿ ਦੁਹੂ ਨ ਪਾਈ", ਵਿਚ ਝਲਕ ਮਿਲਦੀ ਹੈ। ਅਤੇ ਮਨੁਖੀ ਸੁਭਾਅ—"ਅਜਹੁ ਬਿਕਾਰ ਨ 'ਛੋਡਈ' ਪਾਪੀ ਮਨੁ ਮੰਦਾ" ਤੋਂ ਸਪੱਸ਼ਟ ਹੁੰਦਾ ਹੈ। ਇਨ੍ਹਾਂ ਵਿਚ ਹਰ ਇਕ ਹਾਲਤ ਵਿਚ ਕ੍ਰਿਆ ਦਾ ਵਰਤਮਾਨ ਰੂਪ ਹੀ ਦਿਤਾ ਗਿਆ ਹੈ। ਗਾਵੈ, ਗਾਡਹਿ, ਜਾਰਹਿ, ਛੋਡਈ, ਸਭ ਵਰਤਮਾਨ ਕਾਲ ਦੇ ਰੂਪ ਹਨ।

## ਦਾ ਹੈ, ਦੀ ਹੈ ਦੇ ਹਨ ਰੂਪ ਵਾਲੀ ਕ੍ਰਿਆ

ਸੂਰਜ ਚੜ੍ਹਦਾ ਹੈ, ਡੁਬਦਾ ਹੈ, ਧਰਤੀ ਘੁੰਮਦੀ ਹੈ, ਮੀਂਹ ਵਰ੍ਹਦਾ ਹੈ, ਬਦਲ ਗਰਜਦੇ ਹਨ, ਆਦਿ ਕ੍ਰਿਆ ਵਿਚ ਇਹ ਸੰਕੇਤ ਮਿਲਦਾ ਹੈ ਕਿ ਇਹ ਕੰਮ ਨਿਤ ਹੁੰਦੇ ਰਹਿੰਦੇ ਹਨ। ਜਗਤ-ਪ੍ਰਸਿਧ ਸੱਚਾਈਆਂ ਭੀ ਹਨ। ਅਤੇ ਕੁਦਰਤ ਵਿਚ ਨਿਤ ਵਾਪਰਨ ਵਾਲੀਆਂ ਘਟਨਾਵਾਂ ਵਲ ਭੀ ਇਸ਼ਾਰਾ ਕਰਦੀਆਂ ਹਨ। ਗੁਰਬਾਣੀ ਵਿਚ ਕੁਦਰਤ, ਅਕਾਲ ਪੁਰਖ ਦੀ ਰਚਨਾ ਅਤੇ ਪ੍ਰਬੰਧ ਬਾਰੇ ਬੇਅੰਤ ਫ਼ੁਰਮਾਨ ਆਏ ਹਨ। ਇਸ ਲਈ ਇਹ ਕਹਿਣਾ ਉਚਿਤ ਹੋਵੇਗਾ ਕਿ ਬਾਕੀ ਦੋ ਕਿਸਮਾਂ ਦੀਆਂ ਕ੍ਰਿਆਂ ਕਾਲਾਂ ਦੇ ਮੁਕਾਬਲੇ ਤੇ ਵਰਤਮਾਨ ਕ੍ਰਿਆ-ਕਾਲ ਜ਼ਿਆਦਾ ਵਰਤਿਆ ਗਿਆ ਹੈ। ਜਿਵੇਂ ਜਪੁਜੀ ਸਾਹਿਬ ਵਿਚ ਹੇਠ ਲਿਖੀਆਂ ਤੁਕਾਂ ਨੂੰ ਜ਼ਰਾ ਗਹੁ ਨਾਲ ਵੇਖਿਆਂ ਪਤਾ ਲਗਦਾ ਹੈ :—

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥...
ਦੇਦਾ ਦ ਲੈਦੇ ਥਕਿ ਪਾਹਿ ॥...
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥...
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥...
ਤਿਥੈ ਘਾੜਤਿ ਘੜੀਐ ਬਹੁਤੁ ਅਨੂਪ ॥...
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

ਰੇਖਾਗਤ ਉਹ ਸ਼ਬਦ ਹਨ ਜੋ ਕ੍ਰਿਆ ਦੇ ਵਰਤਮਾਨ ਰੂਪ ਹਨ। ਜਿਹਨਾਂ ਦੇ ਹੇਠ ਲਿਖੇ ਅਰਥ ਬਣਦੇ ਹਨ:—

| | | |
|---|---|---|
| ਗਾਵੈ = (ਕੋਈ) ਗਾਉਂਦਾ ਹੈ | ਅਨ-ਪੁਰਖ, | ਇਕ-ਵਚਨ |
| ਹੋਵੈ = ਹੁੰਦਾ ਹੈ, | ,, | ,, |
| ਦੇ = ਦੇਇ, ਦੇਂਦਾ ਹੈ | ,, | ,, |
| ਥਕਿ ਪਾਹਿ = ਥਕ ਪੈਂਦੇ ਹਨ | ,, | ਬਹੁ-ਵਚਨ |
| ਨ ਹੋਵਈ = ਨਹੀਂ ਹੁੰਦੀ | ,, | ਇਕ-ਵਚਨ |

www.AKJ.Org

| | | | |
|---|---|---|---|
| ਸੋਚੀਂ ] = | ਮੈਂ ਸੋਚਾਂ<br>ਜੇ ਮੈਂ ਸੋਚਦਾ ਹਾਂ | ਉਤਮ ਪੁਰਖ | ਇਕ-ਵਚਨ |
| ਗਾਵਹਿ = | ਗਾਉਂਦੇ ਹਨ | ਅਨ-ਪੁਰਖ | ਬਹੁ-ਵਚਨ |
| ਸੋਹਨਿ = | ਸੋਭਦੇ ਹਨ | ,, | ਬਹੁ-ਵਚਨ |
| ਘੜੀਐ = | ਘੜੀ ਜਾਂਦੀ ਹੈ<br>(ਕਰਮਨੀ ਰੂਪ) | ,, | ਇਕ-ਵਚਨ<br>(ਇਸਤ੍ਰੀ ਲਿੰਗ) |
| ਘੜੀਅਹਿ | ਘੜੇ ਜਾਂਦੇ ਹਨ (ਕਰਮਨੀ ਰੂਪ) | ,, | ਬਹੁ-ਵਚਨ |

ਉਪਰ ਦਿਤੀਆਂ ਉਦਾਹਰਣਾਂ ਵਿਚ ਇਕ ਤੋਂ ਛੁਟ ਬਾਕੀ ਸਭ ਤੀਜਾ ਪੁਰਖ (ਅਨ-ਪੁਰਖ) ਇਕ ਵਚਨ ਜਾਂ ਬਹੁ-ਵਚਨ ਵਲ ਸੰਕੇਤ ਕਰਦੀਆਂ ਹਨ। ਹੇਠਾਂ ਕੇਵਲ ਅਨ-ਪੁਰਖ ਲਈ ਵਰਤੇ ਗਏ ਇਕ-ਵਚਨ ਕ੍ਰਿਆ ਦੇ ਰੂਪ ਦਿਤੇ ਜਾਂਦੇ ਹਨ ਅਤੇ ਨਾਲ ਹੀ ਗੁਰਬਾਣੀ ਦੀਆਂ ਤੁਕਾਂ ਭੀ ਦਿਤੀਆਂ ਜਾ ਰਹੀਆਂ ਹਨ।

ਨਕਸ਼ਾ—!, ਅਨ-ਪੁਰਖ ਇਕ-ਵਚਨ) ਕ੍ਰਿਆ

ੲ:— ਹੋਇ, ਲਏਇ, ਦੇਈ, ਪਾਵਏ, ਵਰਤਾਏ ।

ੈ/ੇ :— ਗਾਵੈ, ਖੋਜਦੇ ।

ਤ:— ਪਾਵਤ, ਪ੍ਰਣਵਤਿ, ਬਿਨਵੰਤਿ ।

ਈੜੀ ਨਾਲ ਅੰਤ ਹੋਣ ਵਾਲੀ ਕ੍ਰਿਆ ਦੇ ਉਪਰੋਕਤ ਰੂਪਾਂ ਦੀਆਂ ਕੁਝ ਮਿਸਾਲਾਂ—

(ਇ) ਹੋਇ (੧) ਜੇਵਡ ਭਾਵੈ ਤੇਵਡ 'ਹੋਇ' ॥

(ਇ) ਲਏਇ (੨) ਗੁਰਿ ਮਿਲਿਐ ਸਾਤਿ ਉਪਜੈ ਅਨਦਿਨੁ ਨਾਮੁ 'ਲਏਇ' ॥

(ਈ) ਦੇਈ = ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥

(ਏ) ਪਾਵਏ = ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥

(ਾਏ) ਵਰਤਾਏ = ਹੁਕਮੁ ਵਰਤਾਏ ਆਪਿ ਵੇਖੈ, ਗੁਰਮੁਖਿ ਕਿਸੈ ਬੁਝਾਏ ॥

(ੈ/ੇ) ਪੁਰਾਣੀ ਪੰਜਾਬੀ ਵਿੱਚ ਵਰਤਮਾਨ ਕਾਲ ਅੰਦਰ ਇਹ ਇਉਂ ਲਿਖਿਆ ਮਿਲਦਾ ਹੈ—

ਉਹ ਜਾਵੈ ਹੈ। ਉਹ ਜਾਵੇ ਹੈ।

ਗੁਰਬਾਣੀ ਅੰਦਰ ਕਾਵਿ-ਛੰਦ ਨੂੰ ਮੁਖ ਰਖਦਿਆ 'ਹੈ' ਉਡਾ ਦਿਤਾ ਗਿਆ ਅਤੇ "ਜਾਵੈ/ਜਾਵੇ" ਦੋਵੇਂ ਰੂਪ ਵਰਤੇ ਮਿਲਦੇ ਹਨ। ਪਰ ਭੂਤ ਕਾਲ ਬਹੁ-ਵਚਨ ਵਿਚ ਕੇਵਲ ਇਕ ਲਾਂਵ ਦੀ ਵਰਤੋਂ ਮਿਲਦੀ ਹੈ

ਜਿਵੇਂ "ਛਡਿ ਖੜੋਤੇ ਖਿਨੈ ਮਾਹਿ ਜਿਨਿ ਸਿਉ ਲਗਾ ਹੇਤ" ॥

ਜਾਂ ਜਿਨੀ ਨਾਮੁ ਵਿਸਾਰਿਆ ਸੇ ਹੋਤ 'ਦੇਖੇ' ਖੇਹ ॥

ਇਸ ਲਈ ਇਕ ਲਾਂਵ ਵਾਲੀ ਕ੍ਰਿਆ ਨੂੰ ਅਰਥਾਉਣ ਵਿਚ ਸਾਵਧਾਨੀ ਵਰਤੇ ਜਾਣ ਦੀ ਲੋੜ ਹੈ।

ੈ = ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ ॥

ੇ = ਮਨੁ ਤਨੁ ਸਉਪੇ ਆਗੈ ਧਰੇ, ਹਉਮੈ ਵਿਚਹੁ ਮਾਰਿ ॥

(ਤ) ਤੱਤੇ ਨਾਲ ਅੰਤ ਹੋਣ ਵਾਲੀਆਂ ਕ੍ਰਿਆ

(ਤ ਮੁਕਤਾ) (੧) ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ 'ਕਰਤ' ਜਨ ਜਨ ਕੀ ॥

( ਤਿ ) (੨) 'ਪ੍ਰਣਵਤਿ' ਨਾਨਕੁ ਭਵਜਲ ਤਰੈ ॥

( ਤਿ ) (੩) 'ਬਿਨਵੰਤਿ' ਨਾਨਕੁ ਸਦਾ ਤ੍ਰਿਪਤੈ ਹਰਿ ਨਾਮੁ ਭੋਜਨੁ ਖਾਇਆ ॥

ਉਪਰ ਕੇਵਲ ਇਕ-ਵਚਨ, ਅਨ-ਪੁਰਖ ਦੀ ਕ੍ਰਿਆ ਦੇ ਸੰਕੇਤਕ ਚਿੰਨ੍ਹ ਵਰਨਣ ਕੀਤੇ ਹਨ। ਇਸ ਬਹੁ-ਵਚਨ ਰੂਪ ਨੂੰ ਅਗਲੇ ਅੰਕ ਵਿਚ ਦਿਤਾ ਜਾਏਗਾ।



www.AKJ.Org

# ਨਿਰਮਾਣ ਸੇਵਾ

[ਬੀਬੀ ਇਕਬਾਲ ਕੌਰ ਜੀ ਖ਼ਾਲਸਾ, ਕਾਨਪੁਰ]

ਸੇਵਾ ਸਿਖ ਧਰਮ ਦਾ ਮੁਖ਼ ਅੰਗ ਹੈ। ਸਿਖ ਪੰਥ ਵਿਚ ਹਰ ਇਕ ਸਿਖ ਲਈ ਸੇਵਾ ਕਰਨੀ ਜ਼ਰੂਰੀ ਦਸੀ ਗਈ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:—

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥...॥੪॥੩੩॥
[ਸਿਰੀ ਰਾਗੁ ਮ:੧, ਪੰਨਾ ੨੬

ਵਾਹਿਗੁਰੂ ਦੀ ਦਰਗਾਹ ਵਿਚ ਸੇਵਾ ਨਾਲ ਹੀ ਪ੍ਰਵਾਨ ਹੋਈਦਾ ਹੈ। ਸੇਵਾ ਨਾਲ ਸਰੀਰ ਅਤੇ ਮਨ ਦੋਵੇਂ ਪਵਿਤਰ ਹੁੰਦੇ ਹਨ। ਸਿਖ ਧਰਮ ਵਿਚ ਭਗਤੀ ਤੇ ਸੇਵਾ ਮੁਕਤੀ ਦਾ ਸਾਧਨ ਮੰਨੇ ਗਏ ਹਨ। ਸੇਵਾ ਆਤਮਕ ਉਨਤੀ ਦੀ ਪਹਿਲੀ ਪਉੜੀ ਹੈ। ਸਿਖ ਪੰਥ ਵਿਚ ਗੁਰੂ ਸਾਹਿਬਾਨ ਨੇ ਆਪ ਸੇਵਾ ਕਰ ਕੇ ਹੀ ਸੇਵਾ ਦੇ ਪੂਰਨੇ ਪਾਏ ਹਨ ਅਤੇ ਸੇਵਾ ਦੀ ਮਹਾਨਤਾ ਦਸੀ ਹੈ। ਸਭ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਸ਼ਕਾਮ ਸੇਵਾ ਕਰਨ ਦਾ ਉਪਦੇਸ਼ ਦਿਤਾ ਅਤੇ ਫੁਰਮਾਇਆ ਹੈ।—

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ
ਜੀਉ ਪਿੰਡੁ ਤੁਮਾਰਾ...॥੭॥(੮॥੧)
[ਸੋਰਠਿ ਮ:੧,ਪੰਨਾ ੬੩੫

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਈ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ। ਤੀਜਰੀ ਪਾਤਸ਼ਾਹੀ ਜੀ ਨੇ ਬੜਾ ਪਵਿਤਰ ਜੀਵਨ ਗੁਜ਼ਾਰਨ ਅਤੇ ਤੀਰਥਾਂ ਦੀ ਯਾਤਰਾ ਦੇ ਬਾਅਦ ਗੁਰੂ ਕੀ ਸੇਵਾ ਪ੍ਰਾਪਤ ਕੀਤੀ। ਇਨ੍ਹਾਂ ਨੇ ਆਪਣੇ ਜੀਵਨ ਵਿਚ ਇਕ ਅਸਚਰਜ ਰਸ ਪੈਦਾ ਕੀਤਾ। ਬਿਰਧ ਅਵਸਥਾ ਵਿਚ ਬਿਆਸਾ ਨਦੀ ਵਿਚੋਂ ਰੋਜ਼ ਅੰਮ੍ਰਿਤ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਪੁੱਠੇ ਪੈਰੀਂ ਚਲ ਕੇ ਜਲ ਲਿਆਉਣ ਦੀ ਘਾਲਨਾ ਘਾਲੀ। ਗੁਰੂ ਘਰ ਵਿਖੇ ਉਚੇ ਜੀਵਨ ਦੀ ਉਸਾਰੀ ਲਈ "ਟਹਲ ਸੰਤਨ ਕੀ ਸੰਗੁ ਸਾਧੂ ਕਾ"* ਅਤੀ ਜ਼ਰੂਰੀ ਹੈ। ਇਸ ਲਈ "ਧੰਨੁ ਧੰਨੁ ਰਾਮਦਾਸ ਗੁਰੁ" ਅਤੇ "ਗੁਰੁ ਅਰਜੁਨੁ ਪਰਤਖ ਹਰਿ"† ਜੀ ਨੇ ਗੁਰ-ਸੇਵਾ ਦੇ ਨਾਲ ਲੋਕ-ਸੇਵਾ ਦੇ ਭੀ ਪੂਰਨੇ ਪਾਏ। ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਅਤਿ ਅੰਤ ਸੰਤੋਖੀ ਜੀਵਨ ਤੇ ਸੇਵਾ ਤੋਂ ਸ਼ੁਰੂ ਹੋਇਆ ਸੀ। ਇਤਿਹਾਸ ਗਵਾਹ ਹੈ ਕਿ ਗੋਇੰਦਵਾਲ ਵਿਚ ਬਾਉਲੀ ਸਾਹਿਬ ਦੀ ਕਾਰ-ਸੇਵਾ ਦੇ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਨੇ "ਗੁਰੂ ਅਮਰਦਾਸ ਕਾਰਣ ਕਰਣ" ਹੁੰਦਿਆਂ ਟੋਕਰੀਆਂ ਢੋਣ ਦੀ ਸੇਵਾ ਕੀਤੀ। ਇਹ ਦੇਖ ਕੇ ਲਾਹੌਰ ਦੇ ਸੋਢੀਆਂ ਨੇ ਬੁਰਾ ਮਨਾਇਆ। ਉਹਨਾਂ ਨੇ ਸ੍ਰੀ ਜੇਠਾ ਜੀ (ਚੌਥੀ ਪਾਤਸ਼ਾਹੀ) ਜੀ ਨੂੰ ਤਾਹਨੇ ਮੇਹਣੇ ਭੀ ਮਾਰੇ, ਪਰ ਆਪ ਜੀ ਨੇ "ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ"‡ ਗੁਰੂ-ਹੁਕਮਾਂ ਦੀ ਕਮਾਈ ਕਰਨ ਹਿਤ ਉਹਨਾਂ ਦੀ ਕੋਈ ਪਰਵਾਹ ਨ ਕੀਤੀ ਤੇ ਅਡੋਲ ਸੇਵਾ ਕਰਦੇ ਰਹੇ।

ਚੌਥੇ ਪਾਤਸ਼ਾਹ ਜੀ ਨੇ ਤੀਜੀ ਪਾਤਸ਼ਾਹੀ ਜੀ ਪਾਸ ਰਹਿ ਕੇ ਜੋ ਨਿਰਮਾਣ ਸੇਵਾ ਕੀਤੀ, ਉਸ ਦਾ ਫਲ ਸਰੂਪ "ਸੰਤਹੁ ਰਾਮਦਾਸ ਸਰੋਵਰੁ ਨੀਕਾ"() ਤੇ "ਅੰਮ੍ਰਿਤਸਰੁ ਸਿਫਤੀ ਦਾ ਘਰੁ" ਵਸਾ ਕੇ ਲੋਕ-ਸੇਵਾ ਦਾ ਮਹਾਨ ਪਰਉਪਕਾਰ ਕੀਤਾ। ਈਸਾ ਜੀ ਦੇ ਜੀਵਨ ਵਿਚ ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਨੇ ਆਪਣੀ ਛੋਹ ਨਾਲ ਕੁਝ ਕੋਹੜੀ ਰਾਜੀ ਕੀਤੇ ਸਨ। ਪਰੰਤੂ "ਮੂਰਤਿ ਪੰਚ ਪ੍ਰਮਾਣ ਪੁਰਖੁ"§ ਗੁਰੂ ਅਰਜਨ ਦੇਵ ਜੀ ਨੇ ਇਕ ਨਹੀਂ, ਦੋ ਨਹੀਂ, ਗਿਣਤੀ ਤੋਂ

---

*ਕਾਨੜਾ ਮ: ੫, ਪੰਨਾ ੧੨੯੮—੯੯
†ਸਵਈਏ ਮਹਲੇ ਪੰਜਵੇ ਕੇ ॥੭॥੧੯॥ ਪੰਨਾ ੧੪੦੯
‡ਸੂਹੀ ਮ: ੫, ॥੧॥ਰਹਾਉ॥(੪॥੩) ਪੰਨਾ ੭੩੭
()ਸੋਰਠਿ ਮ: ੫ ॥ਰਹਾਉ॥੭॥੫੭, ਪੰਨਾ ੬੨੩
§ਸਵਈਏ ਮਹਲੇ ਪੰਜਵੇ ਕੇ, ॥੧॥(੧੯) ਪੰਨਾ ੧੪੦੮



www.AKJ.Org

ਬਾਹਰ ਆਉਣ ਵਾਲੇ ਸਮੇਂ ਵਿਚ ਸਦਾ ਲਈ ਹਉਮੈਂ ਦੀਰਘ ਰੋਗ ਵਿਚ ਗ੍ਰਸਤ ਸ੍ਰਿਸ਼ਟੀ ਦੇ ਜੀਵਾਂ ਨੂੰ ਅਰੋਗ ਕਰਨ ਲਈ ਤੇ ਕੁਸ਼ਟੀਆਂ ਦਾ ਕੋਹੜ ਦੂਰ ਕਰਨ ਲਈ ਸ੍ਰੀ ਤਰਨ ਤਾਰਨ ਸਾਹਿਬ ਵਸਾਇਆ। ਬਿਬੇਕ-ਬੁਧੀ ਦੇ ਦਾਤਾ ਨੇ ਬਿਬੇਕਸਰ ਤੇ ਰਾਮਸਰ ਦੀ ਸਿਰਜਣਾ ਕੀਤੀ। ਭਾਈ ਸੰਤੋਖੇ ਦੀ ਕਲਿਆਨ ਕੀਤੀ ਤੇ ਸੰਤੋਖਸਰ ਪ੍ਰਗਟ ਕੀਤਾ। ਧੰਨ ਹਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਜਿਨ੍ਹਾਂ ਨੇ ਆਪਾ ਵਾਰ ਕੇ ਸਿਖ ਸੰਗਤ ਨੂੰ ਸੇਵਾ ਕਰਨ ਦੀ ਜਾਚ ਦਸੀ—

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ, ਪਾਣੀ ਢੋਵਾ ਜੋ ਦੇਵਹਿ
ਸੋ ਖਾਈ ॥ ੫ ॥

[ਸੂਹੀ ਅਸ਼ਟ: ਮ: ੪, ਪੰਨਾ ੭੫੭

ਗੁਰੂ-ਹੁਕਮਾਂ ਨੂੰ ਅਮਲੀ ਜਾਮਾ ਪਹਿਨਾ ਕੇ ਸਿਖੀ ਮੰਡਲ ਵਿਚ ਕੁਰਬਾਨੀ ਤੇ ਸੇਵਾ ਦੀ ਬੇਮਿਸਾਲ ਉਦਾਹਰਣਾਂ ਦਰਸਾ ਕੇ ਸ਼ਹੀਦੀ ਫੌਜਾਂ ਦੀ ਨੀਂਹ ਰਖੀ।

"ਦਲ ਭੰਜਨ, ਗੁਰੁ ਸੂਰਮਾ,
ਵਡ ਜੋਧਾ, ਬਹੁ ਪਰਉਪਕਾਰੀ ॥"

[ਭਾਈ ਗੁਰਦਾਸ ਜੀ, ਵਾਰ੧, ਪ: ੪੮

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲ ਰਾਜ ਦੇ ਜ਼ੁਲਮਾਂ ਦੀ ਜੜ੍ਹ ਉਖੇੜਨ ਹਿਤ ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ। ਗਰੀਬਾਂ ਅਨਾਥਾਂ ਦੀ ਰਖਿਆ ਕੀਤੀ ਤੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਪ੨ ਰਾਜਿਆਂ ਨੂੰ ਬੰਦੀ ਵਿਚੋਂ ਛੁਡਾਉਣ ਦੀ ਮਹਾਨ ਸੇਵਾ ਤੇ ਪਰਉਪਕਾਰ ਕੀਤਾ।

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ" ਜੀ ਨੇ ਸਤਵੇਂ ਜਾਮੇ ਵਿਚ "ਯਾਰਿ ਮੁਤਜ਼ੱਰ ਆਂ ਗੁਰੂ ਕਰਤਾ ਹਰਿ ਰਾਇ" ਜੀ ਨਿਰਮਾਣ ਸੇਵਕਾਂ ਦੇ ਸਹਾਇਕ ਹੋਏ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਦੁਖੀਆਂ ਰੋਗੀਆਂ ਦੇ ਦੁਖ ਦੂਰ ਕਰਨ ਦੀ ਮਹਾਨ ਸੇਵਾ ਕੀਤੀ। 'ਬੰਗਲਾ ਸਾਹਿਬ' ਅਜ ਭੀ ਦੀਨ ਦਰਦ ਦੁਖ ਭੰਜਨ ਸਤਿਗੁਰੂ ਸਰਨ ਆਇਆਂ ਤੇ ਸ਼ਰਧਾ ਸਹਿਤ ਹਾਜ਼ਰ ਹੋਇਆਂ ਦੀ ਲਾਜ ਰਖਦੇ ਹਨ ਤੇ ਰੋਗੀਆਂ ਦੇ ਰੋਗ ਅੰਮ੍ਰਿਤ ਜਲ ਨਾਲ ਦੂਰ ਕਰਦੇ ਤੇ ਨਦਰੀ ਨਦਰ ਨਿਹਾਲ ਕਰ ਰਹੇ ਹਨ।

ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਅਦੁਤੀ ਸ਼ਹੀਦੀ ਦਿਤੀ। "ਸੀਸੁ ਦੀਆ, ਪਰ ਸੀ ਨ ਉਚਰੀ" ਕਿਸ ਦੀ ਖਾਤਿਰ ? ਮਨੁਖ ਜਾਤੀ ਦੇ ਧਰਮ ਨੂੰ ਬਚਾਉਣ ਲਈ, ਮਨੁਖ ਜਾਤੀ ਦੀ ਸੇਵਾ ਲਈ। ਆਪਣੇ ਦੇਸ਼ ਅਤੇ ਕੌਮ ਦੀ ਸੇਵਾ ਲਈ ਹੀ ਸਾਹਿਬ ਜੀ ਆਪ ਚਲ ਕੇ ਆਗਰੇ ਤਕ ਪਹੁੰਚੇ ਅਤੇ ਆਗਰੇ ਤੋਂ ਔਰੰਗਜ਼ੇਬ ਦੀ ਫ਼ੌਜ ਨਾਲ ਦਿਲੀ ਆਏ। ਦਿਲੀ ਵਿਚ ਆ ਕੇ ਆਪ ਜੀ ਚੌਂਕ ਭਾਈ ਮਤੀਦਾਸ (ਚਾਂਦਨੀ ਚੌਂਕ) ਵਿਚ ਸ਼ਹੀਦੀ ਪ੍ਰਾਪਤ ਕੀਤੀ ਅਤੇ—

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

[ਸੋਰਠਿ ਮ: ੯, ਪੰਨਾ ੬੩੪

ਇਹ ਸਭ ਕਿਉਂ ਕੀਤਾ ਗਿਆ ? ਕੇਵਲ ਇਕੋ ਹੀ ਆਸ਼ੇ ਲਈ, ਨਿਰਮਾਣ ਸੇਵਾ ਦੇ ਪੂਰਨੇ ਪਾਣ ਲਈ।

ਦਸਮ ਪਿਤਾ "ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ ਜੀ" ਸਰਬੰਸ ਦਾਨੀ ਸਤਿਗੁਰ ਜੀ ਨੇ ਆਪਣੇ ਪਿਤਾ ਜੀ ਦੀ ਕੁਰਬਾਨੀ ਦੇਣ ਪਿਛੋਂ, ਆਪਣੇ ਬੱਚਿਆਂ ਦੀ ਕੁਰਬਾਨੀ ਦਿਤੀ, ਆਪਣੀ ਮਾਤਾ ਵਾਰੀ, ਆਪਣਾ ਪੂਰਾ ਸਰਬੰਸ ਵਾਰਿਆ। ਕਿਸ ਦੀ ਖ਼ਾਤਿਰ ? ਕੇਵਲ ਸਿਖ ਪੰਥ ਦੀ ਨੀਂਹ ਨੂੰ ਪੱਕਾ ਕਰਨ ਲਈ। ਮਨੁਖ ਮਾਤਰ, ਪ੍ਰਾਣੀ ਮਾਤਰ, ਦੇਸ਼, ਕੌਮ ਅਤੇ ਜਾਤੀ ਦੀ ਸੇਵਾ ਲਈ ਆਪਣਾ ਆਪ ਕੁਰਬਾਨ ਕਰ ਦਿਤਾ। ਇਕ ਪਛਮੀ ਵਿਦਵਾਨ ਦਾ ਕਹਿਣਾ ਹੈ—

Service of Humanity is the service of God

ਅਰਥਾਤ—ਮਨੁਖਤਾ ਦੀ ਸੇਵਾ ਹੀ ਰੱਬ ਦੀ ਸੇਵਾ ਹੈ।

ਇਸ ਤਰ੍ਹਾਂ ਸਾਡੇ ਸਤਿਗੁਰਾਂ ਨੇ ਸਿਖ ਧਰਮ ਦੀ ਨੀਂਹ ਪੱਕੀ ਕਰਨ ਲਈ ਹੀ ਸੇਵਾ ਦੇ ਪੂਰਨੇ ਪਾਏ ਹਨ। ਸਾਡੇ ਬਜ਼ੁਰਗ ਪੁਰਾਤਨ ਸਿੰਘਾਂ ਨੇ ਸਾਨੂੰ



www.AKJ.Org

ਉਹਨਾਂ ਪੂਰਨਿਆਂ ਤੇ ਚਲ ਕੇ ਦਸਿਆ ਹੈ, ਤਾਂ ਜੁ ਅਸੀਂ ਵੀ ਉਹਨਾਂ ਦੇ ਪਾਏ ਹੋਏ ਪੂਰਨਿਆਂ ਤੇ ਚਲੀਏ।

ਸਿਖ ਰਾਜ ਦੇ ਅੰਤ ਵਿਚ ਇਕ ਮਹਾਨ ਪੁਰਖ ਬਾਬਾ ਬੰਦਾ ਸਿੰਘ ਜੀ ਹੋਏ ਸੀ। ਇਕ ਰਾਤ ਨੂੰ ਉਹ ਆਪਣੀ ਸਮਾਧੀ ਵਿਚ ਬੈਠੇ ਹੋਏ ਸਨ ਕਿ ਇਕ ਤਰਫੋਂ ਰੋਣ ਦੀ ਆਵਾਜ਼ ਆਈ। ਬਾਬਾ ਬੰਦਾ ਸਿੰਘ ਜੀ ਆਪਣੀ ਸਮਾਧੀ ਤੋਂ ਉਠੇ ਤੇ ਉਸ ਆਵਾਜ਼ ਦੀ ਦਿਸ਼ਾ ਵਲ ਵਧੇ ਅਤੇ ਉਸ ਥਾਂ ਤੇ ਪਹੁੰਚੇ ਜਿਸ ਪਾਸਿਓਂ ਰੋਣ ਦੀ ਆਵਾਜ਼ ਆ ਰਹੀ ਸੀ। ਉਥੇ ਪਹੁੰਚੇ, ਦੇਖ ਕੇ ਉਹਨਾਂ ਦਾ ਦਿਲ ਭਰ ਆਇਆ। ਇਕ ਇਸਤ੍ਰੀ ਫੋੜੇ ਦੀ ਦਰਦ ਨਾਲ ਤੜਪ ਰਹੀ ਸੀ। ਬਾਬਾ ਜੀ ਕੋਲੋਂ ਉਸ ਦੁਖਿਆਰੀ ਦਾ ਦੁਖ ਨਾ ਦੇਖਿਆ ਗਿਆ ਤੇ ਉਹਨਾਂ ਨੇ ਉਸ ਇਸਤ੍ਰੀ ਦੇ ਫੋੜੇ ਦਾ ਜ਼ਹਿਰ ਮੂੰਹ ਨਾਲ ਚੂਸ ਲਿਆ। ਜ਼ਹਿਰ ਚੂਸਦਿਆਂ ਸਾਰ ਹੀ ਉਹ ਇਸਤ੍ਰੀ ਸ਼ਾਂਤ ਹੋ ਗਈ ਤੇ ਉਸ ਦੇ ਪਤੀ ਨੇ ਬਾਬਾ ਜੀ ਦਾ ਕ੍ਰਿਤਗਯ ਹੁੰਦਿਆਂ ਬਿਨੈ ਕੀਤੀ ਕਿ ਆਪ ਜੀ ਨੇ ਸਾਡੇ ਤੇ ਬੜਾ ਉਪਕਾਰ ਕੀਤਾ ਹੈ। ਤੁਸਾਂ ਐਸੀ ਕਠਿਨ ਸੇਵਾ ਕੀਤੀ ਹੈ ਜਿਹੜੀ ਸਿਖਾਂ ਤੋਂ ਬਗੈਰ ਕੋਈ ਨਹੀਂ ਕਰ ਸਕਦਾ। ਬਾਬਾ ਜੀ ਨੇ ਕਿਹਾ ਕਿ ਸਾਡੇ ਗੁਰੂ ਦਾ ਇਹੋ ਹੀ ਹੁਕਮ ਹੈ।

ਇਹ ਨਿਸ਼ਕਾਮ ਸੇਵਾ ਦੀ ਸਭ ਤੋਂ ਉਤਮ ਤੇ ਉਚੀ ਮਿਸਾਲ ਹੈ। ਸੇਵਾ ਸਿਖੀ ਦੀ ਕਸੌਟੀ ਹੈ।

ਸਾਡੇ ਦੇਸ਼ ਵਿਚ ਪੱਖਾ ਫੇਰਨਾ, ਜਲ ਛਕਾਣਾ, ਭਾਂਡੇ ਮਾਂਜਣਾ, ਲੰਗਰ ਪਕਾਣਾ ਤੇ ਝਾੜੂ ਦੇਣ ਆਦਿ ਨੂੰ ਨੀਚੇ ਕਰਮ ਸਮਝਿਆ ਜਾਂਦਾ ਸੀ। ਜਿਹੜੇ ਲੋਗ ਇਹ ਕੰਮ ਕਰਦੇ ਸਨ, ਉਹਨਾਂ ਨੂੰ ਸਮਾਜ ਵਿਚ ਨੀਵਾਂ ਸਮਝਿਆ ਜਾਂਦਾ ਸੀ। ਸਿਖ ਧਰਮ ਵਿਚ ਇਨ੍ਹਾਂ ਹੀ ਸਾਰੇ ਕੰਮਾਂ ਨੂੰ ਸੇਵਾ ਦਸਿਆ ਗਿਆ ਹੈ। ਸਿਖ ਇਨ੍ਹਾਂ ਅਧਮ ਕਰਮਾਂ ਨੂੰ ਮਹਾਨ ਸੇਵਾ ਜਾਣ ਕੇ ਕਰਦਾ ਹੈ ਤੇ ਮਹਿਸੂਸ ਕਰਦਾ ਹੈ। ਇਸ ਸੇਵਾ ਕਾਰਨ ਸਿਖ ਦਾ ਚਿਤ ਖੇੜੇ ਵਿਚ ਆ ਜਾਂਦਾ ਹੈ। ਸੇਵਾ ਕਰ ਕੇ ਸਿਖ ਆਪਣੇ ਆਪ ਨੂੰ ਹਲਕਾ ਮਹਿਸੂਸ ਕਰਦਾ ਹੈ।

ਸਿਖ ਧਰਮ ਵਿਚ ਸੇਵਾ ਤੋਂ ਬਿਨਾਂ ਜਨਮ ਅਤੇ ਸਰੀਰ ਦੋਵੇਂ ਹੀ ਨਿਸਫਲ ਮੰਨੇ ਜਾਂਦੇ ਹਨ। ਇਤਿਹਾਸ ਦਸਦਾ ਹੈ ਕਿ ਇਕ ਦਿਨ ਦਸਮ ਪਿਤਾ ਆਪਣੇ ਦਰਬਾਰ ਵਿਚ ਸੁਸ਼ੋਭਤ ਸਨ। ਇਕ ਧਨੀ ਨੌਜਵਾਨ ਸਿਖ ਵੀ ਬੈਠਾ ਸੀ। ਕਲਗੀਧਰ ਪਿਤਾ ਜੀ ਨੇ ਕਿਹਾ ਕਿ ਜਾਹ ਬੇਟਾ, ਠੰਡਾ ਜਲ ਲੈ ਆ। ਉਹ ਨੌਜਵਾਨ ਗਿਆ ਅਤੇ ਜਲ ਦਾ ਕਟੋਰਾ ਭਰ ਕੇ ਲੈ ਆਇਆ। ਗੁਰੂ ਮਹਾਰਾਜ ਜੀ ਨੇ ਉਸ ਦੇ ਹੱਥਾਂ ਵਲ ਨਿਗਾਹ ਮਾਰੀ ਅਤੇ ਪੁਛਿਆ ਬੇਟਾ, ਤੇਰੇ ਹੱਥ ਇੰਨੇ ਕੋਮਲ ਕਿਉਂ ਹਨ?

ਉਸ ਲੜਕੇ ਨੇ ਉਤਰ ਦਿਤਾ ਕਿ ਸੱਚੇ ਪਿਤਾ ਜੀ, ਆਪ ਜੀ ਦਾ ਬਖ਼ਸ਼ਿਆ ਹੋਇਆ ਬਹੁਤ ਕੁਝ ਹੈ। ਨੌਕਰ ਚਾਕਰ ਘਰ ਹਨ। ਮੈਂ ਹੱਥੀਂ ਕਦੇ ਕੋਈ ਕਾਰ ਨਹੀਂ ਕੀਤੀ, ਅਜ ਪਹਿਲੀ ਵੇਰਾਂ ਹੀ ਆਪ ਜੀ ਨੂੰ ਜਲ ਦਿਤਾ ਹੈ।

ਗੁਰੂ ਜੀ ਨੇ ਕਿਹਾ—ਇਹ ਜਲ ਡੋਲ੍ਹ ਦਿਓ, ਇਹ ਜਲ ਪਵਿਤਰ ਨਹੀਂ ਹੈ।

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥

[ਭਾਈ ਗੁਰਦਾਸ ਜੀ, ਵਾਰ ੨੭, ਪ: ੧੦

ਜਿਨ੍ਹਾਂ ਹੱਥਾਂ ਨੇ, ਜਿਹੜੇ ਸਰੀਰ ਨੇ ਸੇਵਾ ਨਹੀਂ ਕੀਤੀ ਉਸ ਦਾ ਜਨਮ ਸਫਲ ਨਹੀਂ।

ਸਤਿਗੁਰਾਂ ਦੀ ਸਿਖਿਆ ਨੇ ਕਈ ਐਸੇ ਸਮ-ਦ੍ਰਿਸ਼ਟੀ ਵਾਲੇ ਮਹਾਂ ਪੁਰਸ਼ ਪੈਦਾ ਕੀਤੇ ਹਨ ਜਿਨ੍ਹਾਂ ਨੇ ਆਤਮਿਕ ਤੌਰ ਤੇ ਬਹੁਤ ਉਚੇਰੇ ਉਠ ਕੇ ਵੈਰੀ ਅਤੇ ਮਿਤਰ ਆਪਣੇ ਅਤੇ ਬਿਗਾਨੇ ਦੇ ਵਿਤਕਰੇ ਨੂੰ ਛੱਡ ਕੇ "ਖਾਲਕ ਖਲਕ, ਖਲਕ ਮਹਿ ਖਾਲਕ" ਨੂੰ ਪੇਖਦਿਆਂ ਹੋਇਆਂ ਮਨੁਖ ਮਾਤਰ ਦੀ ਸੇਵਾ ਕੀਤੀ।

ਮੋਗੇ ਤੋਂ ਪਰੇ ਜਦੋਂ ਮੁਗਲੀਆ ਫ਼ੌਜ ਤੇ ਖ਼ਾਲਸਈ ਫ਼ੌਜ ਦੀ ਬੜੀ ਭਾਰੀ ਘਮਸਾਨ ਦੀ ਲੜਾਈ ਹੋ ਕੇ ਹਟੀ ਤਾਂ ਜ਼ਖ਼ਮੀਆਂ ਤੇ ਲਾਸ਼ਾਂ ਦੇ ਢੇਰ ਲਗ ਗਏ 'ਏਕ ਦ੍ਰਿਸਟਿ ਸਭ ਸਮ ਕਰਿ ਜਾਣੈ"* ਗੁਰੂ ਹੁਕਮ ਕਮਾਉਣਹਾਰਾ ਇਕ ਸਿੰਘ ਗਲ ਵਿਚ

*ਬਿਲਾਵਲ ਮ: ੪, ਅਸ਼ਟ ॥੭॥(੮॥੧॥੪) ਪੰਨਾ ੮੩੩



www.AKJ.Org

ਮਸ਼ਕ ਲਟਕਾਈ, ਮਿਤ੍ਰ-ਸਤ੍ਰ ਨੂੰ ਸਮਾਨ ਦੇਖਦਾ ਹੋਇਆ ਜ਼ਖ਼ਮੀ ਸਿਪਾਹੀਆਂ ਨੂੰ ਪਾਣੀ ਪਿਲਾਈ ਜਾ ਰਿਹਾ ਸੀ। ਕਈ ਜ਼ਖ਼ਮੀ ਜੋ ਮੁਗ਼ਲ ਫ਼ੌਜ ਦੇ ਸਨ, ਉਸ ਦੇ ਪਾਣੀ ਪਿਲਾਉਂਣ ਨਾਲ ਹੀ ਬਚ ਗਏ ਤੇ ਫਿਰ ਖਾਲਸਾ ਜੀ ਨਾਲ ਲੋਹਾ ਲੈਣ ਲਈ ਮੈਦਾਨੇ-ਜੰਗ ਵਿਚ ਨਿਕਲ ਪਏ।

ਮੁਗ਼ਲ ਫ਼ੌਜ ਦੇ ਅਫ਼ਸਰਾਂ ਨੇ ਸਿੰਘ ਸਾਹਿਬ ਦੇ ਇਸ ਕੰਮ ਨੂੰ ਬੜੀ ਹੈਰਾਨੀ ਨਾਲ ਤਕਿਆ ਤੇ ਇਸ ਦਾ ਭੇਤ ਜਾਨਣ ਲਈ ਫ਼ੌਜਦਾਰ ਨੇ ਅਕਬਰ ਖ਼ਾਂ ਸਿਪਾਹੀ ਨੂੰ ਭੇਸ ਬਦਲਾ ਕੇ ਸਿੰਘਾਂ ਦੇ ਕੈਂਪ ਵਲ ਭੇਜਿਆ ਕਿ ਉਸ ਸਿੰਘ ਦਾ ਪਤਾ ਲਵੇ ਕਿ ਉਹ ਇਸ ਤਰ੍ਹਾਂ ਕਿਉਂ ਕਰ ਰਿਹਾ ਸੀ। ਅਕਬਰ ਖ਼ਾਂ ਸਿਪਾਹੀ ਨੇ ਆ ਕੇ ਦਸਿਆ ਕਿ ਕਈ ਸਿੰਘਾਂ ਨੇ ਉਸ ਪਾਣੀ ਪਿਲਾਉਣ ਵਾਲੇ ਸਿੰਘ ਦੀ ਸ਼ਿਕਾਇਤ ਇਸ "ਅੱਲਾ ਦੇ ਰੂਪ" ਪਾਸ ਕੀਤੀ ਕਿ ਹਜ਼ੂਰ, ਉਹ ਜਿਸ ਦਾ ਨਾਮ ਭਾਈ ਕਨ੍ਹਈਆ ਸਿੰਘ ਹੈ, ਪਠਾਣਾਂ ਨੂੰ ਪਾਣੀ ਪਿਲਾ ਕੇ ਨੌਂ ਬਰ-ਨੌਂ ਕਰਦਾ ਜਾ ਰਿਹਾ ਹੈ ਤੇ ਉਹ ਰਾਜ਼ੀ ਹੋਕੇ ਫਿਰ ਸਿੰਘਾਂ ਦੇ ਮੁਕਾਬਲੇ ਲਈ ਤਿਆਰ ਹੋ ਜਾਣਗੇ। ਇਹ ਸ਼ਿਕਾਇਤ ਸੁਣ ਕੇ ਹਜ਼ੂਰ ਨੇ ਦੋ ਆਦਮੀ ਭੇਜੇ, ਜੋ ਕਿ ਉਸ ਸਿੰਘ ਨੂੰ ਫੜ ਕੇ ਹਜ਼ੂਰ (ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ) ਪਾਸ ਲੈ ਆਏ। "ਅੱਲਾ ਦਾ ਰੂਪ" ਸਾਹਿਬ ਜੀ ਉਸ ਦੀ ਸ਼ਕਲ ਦੇਖ ਕੇ ਹੱਸ ਪਏ ਤੇ ਪੁਛਿਆ ਭਾਈ ਕਨ੍ਹਈਆ ਸਿੰਘ ! ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਵੈਰੀਆਂ ਦੀ ਸੇਵਾ ਕਰ ਕੇ ਉਹਨਾਂ ਦੇ ਜ਼ਖ਼ਮੀਆਂ ਨੂੰ ਖ਼ਾਲਸੇ ਨਾਲ ਲੜਨ ਲਈ ਮੁੜ ਤਿਆਰ ਕਰੀ ਜਾ ਰਿਹਾ ਹੈਂ। ਇਸ ਦਾ ਤੇਰੇ ਕੋਲ ਕੀ ਜਵਾਬ ਹੈ ? ਕੀ ਤੂੰ ਇਹ ਗ਼ਲਤੀ ਨਹੀਂ ਕਰ ਰਿਹਾ?

ਇਹ ਕਹਿਣ ਵੇਲੇ ਹਜ਼ੂਰ ਦੇ ਚੇਹਰੇ ਦਾ ਜਲਾਲ ਦੇਖਣ ਵਾਲਾ ਸੀ। ਘਟ ਘਟ ਦੇ ਜਾਨਣ-ਹਾਰ ਆਪ ਹੀ ਸਭ ਕੁਝ ਕਰਵਾ ਰਹੇ ਸਨ। ਪਰੰਤੂ ਸ਼ਿਕਾਇਤ ਕਰਨ ਵਾਲਿਆਂ ਦੀ ਤਸੱਲੀ ਲਈ ਤੇ ਉਹਨਾਂ ਦੇ ਦਿਲਾਂ ਵਿਚੋਂ ਮੁਸਲਮਾਨ, ਹਿੰਦੂ, ਅਤੇ ਸਿਖ ਦਾ ਭੇਦ ਮਿਟਾਉਣ ਲਈ ਹੀ ਆਪ ਨੇ ਇਹ ਕੌਤਕ ਰਚਿਆ ਸੀ। ਹਜ਼ੂਰ ਆਪ ਕੁਝ ਨਹੀਂ ਕਹਿਣਾ ਚਾਹੁੰਦੇ ਸਨ। ਸਗੋਂ ਉਹਨਾਂ ਨੇ ਸਿੰਘਾਂ ਦਾ ਭਰਮ ਤੇ ਵਹਿਮ ਦੂਰ ਕਰਨ ਲਈ ਹੀ ਭਾਈ ਕਨ੍ਹਈਆ ਸਿੰਘ ਦੇ ਮੂੰਹੋਂ ਹੀ ਉਹਨਾਂ ਨੂੰ ਇਹ ਸਮਝਾਉਣਾ ਚਾਹੁੰਦੇ ਸਨ। ਇਸ ਲਈ ਆਪ ਨੇ ਕਿਹਾ ਕਿ "ਭਾਈ ਜੀ ਛੇਤੀ ਦਸੋ ਕਿ ਆਪ ਪਾਸ ਇਸ ਗੱਲ ਦਾ ਕੀ ਜਵਾਬ ਹੈ ? ਖਿਮਾ ਦੀ ਜਾਚਨਾ ਕਰਦਿਆਂ ਹੋਇਆਂ ਭਾਈ ਕਨ੍ਹਈਆ ਸਿੰਘ ਜੀ ਨੇ ਗਲ ਵਿਚ ਪਲਾ ਪਾ ਕੇ ਕਿਹਾ, ਹਜ਼ੂਰ ! ਆਪ ਜੀ ਦਾ ਹੀ ਫ਼ੁਰਮਾਨ ਹੈ ਕਿ :—

'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥"

ਅਤੇ ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥(੧੨੯੯)

ਕੋਈ ਹਿੰਦੂ ਨਹੀਂ, ਮੁਸਲਮਾਨ ਨਹੀਂ, ਖ਼ਾਲਸੇ ਦਾ ਕੋਈ ਦੁਸ਼ਮਨ ਨਹੀਂ। ਮੈਂ ਤੇ ਜਿਧਰ ਨਜ਼ਰ ਮਾਰਦਾ ਹਾਂ, ਸਾਰੇ ਤੁਹਾਡਾ ਹੀ ਰੂਪ ਨਜ਼ਰ ਆ ਰਹੇ ਹਨ। ਮੈਨੂੰ ਤੇ ਕੋਈ ਦੁਸ਼ਮਣ ਜਾਂ ਕੋਈ ਬਿਗਾਨਾ ਦਿਸ ਨਹੀਂ ਆਉਂਦਾ। ਇਸੇ ਲਈ ਸਚੇ ਪਾਤਸ਼ਾਹ, ਮੈਂ ਇਹ ਨਿਮਾਣੀ ਸੇਵਾ ਕਰ ਰਿਹਾ ਹਾਂ।

ਇਹ ਉਤਰ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਆਪਣੇ ਕੋਲੋਂ ਮਰ੍ਹਮ ਪਟੀ ਦਾ ਸਾਮਾਨ ਦੇ ਕੇ ਕਿਹਾ ਕਿ ਐ ਇਨਸਾਨੀਯਤ ਦੇ ਪਿਆਰੇ ! ਇਹ ਦਵਾਈਆਂ ਲੈ ਜਾ, ਪਾਣੀ ਪਿਲਾ-ਉਣ ਦੇ ਨਾਲ ਜ਼ਖ਼ਮੀਆਂ ਦੀ ਦਵਾ ਦਾਰੂ ਦੀ ਸੇਵਾ ਵੀ ਇਸੇ ਤਰ੍ਹਾਂ ਕਰਦੇ ਜਾਓ। ਆਪ ਨੇ ਪਰਗਟ ਕਰ ਦਿਤਾ ਕਿ ਪਠਾਣ ਸਾਡੇ ਦੁਸ਼ਮਣ ਨਹੀਂ ਹਨ; ਇਹ ਧਰਮ-ਯੁਧ ਤਾਂ ਜ਼ੁਲਮ ਤੇ ਬੇਇਨਸਾਫ਼ੀ ਦੇ ਵਿਰੁਧ ਹੈ।

ਇਹ ਸੁਣ ਕੇ ਭਾਈ ਕਨ੍ਹਈਆ ਸਿੰਘ ਨੇ ਮਰ੍ਹਮ ਪਟੀਆਂ ਤੇ ਦਵਾਈਆਂ ਭੀ ਲੈ ਲਈਆਂ ਅਤੇ ਫਿਰ ਜੰਗ ਦੇ ਮੈਦਾਨ ਵਿਚ ਸੇਵਾ ਕਰਨ ਲਈ ਜਾ ਪੁਜਾ। ਅਕਬਰ ਖ਼ਾਂ ਸਿਪਾਹੀ ਅਫ਼ਸਰ

[ਬਾਕੀ ਦੇਖੋ ਸਫ਼ਾ ੨੦ ਦੇ ਹੇਠ



www.AKJ.Org

# ਸਿੱਖ ਇਸਤ੍ਰੀਆ ਤੇ ਲੋਹ-ਟੋਪ

[ਵਲੋਂ—ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ]

ਸ਼ੁਰੂ ਮਾਰਚ ਦੇ ਹਫਤਾਵਾਰ ਪੰਜ ਪਾਣੀ (ਚੰਡੀ ਗੜ੍ਹ) ਵਿਚ "ਲੋਹ-ਟੋਪ ਨਹੀਂ ਪਾਵਾਂਗੀ ਭਾਵੇਂ ਲੱਗ ਜਾਣ ਹੱਥਕੜੀਆਂ" ਸਿਰ ਲੇਖ ਹੇਠ ਇਕ ਲੇਖ ਛਪਿਆ ਹੈ, ਜਿਸ ਵਿਚ ਚੰਡੀਗੜ੍ਹ ਹਕੂਮਤ ਵਲੋਂ ਮੋਟਰ-ਸਾਇਕਲ ਚਲਾਉਣ ਵਾਲੀਆਂ ਹੋਰ ਇਸਤ੍ਰੀਆਂ ਦੇ ਨਾਲ ਹੀ ਸਿਖ ਇਸਤ੍ਰੀਆ ਲਈ ਵੀ ਲੋਹ-ਟੋਪ ਪਹਿਨਣਾ ਲਾਜ਼ਮੀ ਕਰਾਰ ਦੇ ਦਿਤਾ ਹੈ ਤੇ ਇਸ ਆਰਡਰ ਵਿਚ ਸਿਰਫ਼ ਪਗੜੀ ਪਹਿਨਣ ਵਾਲੇ ਸਿੱਖਾਂ ਨੂੰ ਹੀ ਇਸ ਪਾਬੰਧੀ ਤੋਂ ਬਾਹਰ ਰਖਿਆ ਗਿਆ ਹੈ। ਇਹ ਦੇਖ ਕੇ ਸਿੱਖ ਇਸਤ੍ਰੀਆਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਵੀ ਇਸ ਲੋਹ-ਟੋਪ ਦੀ ਪਾਬੰਦੀ ਤੋਂ ਮੁਕਤ ਰੱਖਿਆ ਜਾਵੇ। ਪਰ ਅੱਗੋਂ ਹਕੂਮਤ ਦਾ ਇਤਰਾਜ਼ ਹੈ ਕਿ ਸਿੱਖ, ਹਿੰਦੂ ਤੇ ਮੁਸਲਿਮ ਇਸਤ੍ਰੀਆਂ ਦਾ ਪਹਿਰਾਵਾ ਸਿਰਾਂ ਦੀਆਂ ਗੁੱਤਾਂ ਜਾਂ ਖੁਲ੍ਹੇ ਵਾਲ ਚੂੰਕਿ ਇਕੋ ਪਹਿਰਾਵੇ ਦੇ ਸੂਚਕ ਹਨ, ਇਸ ਲਈ ਜਿਵੇਂ ਹਿੰਦੂ ਤੇ ਮੁਸਲਮਾਨ ਇਸਤ੍ਰੀਆਂ ਉਤੇ ਇਹ ਪਾਬੰਦੀ ਲਾਗੂ ਹੋਵੇਗੀ ਉਸੇ ਤਰ੍ਹਾਂ ਸਿੱਖ ਇਸਤ੍ਰੀਆਂ ਨੂੰ ਵੀ ਇਸੇ ਬੰਧੇਜ ਵਿਚ ਰਹਿਣਾ ਪਵੇਗਾ।

ਇਨਸਾਫ਼ ਦੇ ਪੱਖ ਤੋਂ ਚੰਡੀ ਗੜ੍ਹ ਹਕੂਮਤ ਦੇ ਇਸ ਵਿਚਾਰ ਨੂੰ ਕਿਸੇ ਤਰ੍ਹਾਂ ਵੰਗਾਰਿਆ ਨਹੀਂ ਜਾ ਸਕਦਾ ਤੇ ਮਜਬੂਰਨ ਕਹਿਣਾ ਪੈਂਦਾ ਹੈ ਕਿ ਉਸ ਦਾ ਇਹ ਸਟੈਂਡ ਸੋਲ੍ਹਾਂ ਆਨੇ ਠੀਕ ਤੇ ਮੁਨਾਸਿਬ ਹੈ, ਕਿਉਂਕਿ ਇਤਿਹਾਸਕ ਨੁਕਤਾ-ਨਿਗਾਹ ਤੋਂ ਸਿੱਖ ਇਸਤ੍ਰੀਆਂ ਸੰਨ ੧੮੪੯ ਈ: ਤੋਂ ਹੀ ਜਦ ਕਿ ਅੰਗਰੇਜ਼ੀ ਹਕੂਮਤ ਹੋਣ ਤੇ ਪੰਜਾਬੀਆਂ ਦੇ ਗਲ ਵਿਚ ਗੁਲਾਮੀ ਦੇ ਸੰਗਲ ਪਏ ਸਨ ਤਾਂ ਪੱਛਮੀ ਸਭਿਆਚਾਰ ਦੇ ਵਹਾਉ ਵਿਚ ਰੁੜ੍ਹਕੇ ਏਨੀਆ ਫ਼ੈਸ਼ਨ-ਪ੍ਰਸਤ ਹੋਣ ਲੱਗੀਆਂ ਕਿ ਉਹ ਮੇਮਾਂ ਬਣਨ ਦੇ ਚਾ ਵਿਚ ਅੱਵਲ ਤਾਂ ਅਨੇਕ ਬੀਬੀਆ ਯੂਰਪ ਦੇ ਰੰਗ ਵਿਚ ਰੰਗੀਆਂ ਗਈਆਂ ਤੇ ਫੇਰ ਬਾਕੀ ਸਿੱਖ ਇਸਤ੍ਰੀਆਂ ਨੇ ਆਪਣਾ ਪਹਿਰਾਵਾ ਛੱਡ ਕੇ ਸਿਰਾਂ ਉਤੇ ਜੂੜੇ ਰੱਖਣ ਦੀ ਥਾਵੇਂ ਲਟਕਵੀਆਂ ਗੁੱਤਾਂ ਕਰ ਕੇ ਹਿੰਦੂ ਤੇ ਮੁਸਲਿਮ ਔਰਤਾਂ ਦਾ ਫ਼ੈਸ਼ਨ ਧਾਰਨ ਕਰ ਲਿਆ। ਇਹ ਦੋਵੇਂ ਗੱਲਾਂ ਉਨ੍ਹਾਂ ਲਈ ਉਚਿਤ ਨਹੀਂ ਸਨ। ਇਸ ਦੇ ਨਾਲ ਹੀ ਨੱਕ ਕੰਨ ਤੇ ਹੱਥ, ਇਥੋਂ ਤਕ ਕਿ ਬਾਕੀ ਮੂੰਹ ਮੱਥੇ ਉਤੇ ਵੀ, ਉਹ ਕਿਹੜਾ ਚਾਂਦੀ-ਸੋਨੇ ਦਾ ਗਹਿਣਾ ਸੀ ਜੋ ਉਨ੍ਹਾਂ ਨੇ ਬਾਂਗਰੂ ਜ਼ਨਾਨੀਆਂ ਵਾਂਗ ਨਾ ਪਹਿਨਿਆ ਹੋਵੇ। ਸੋ ਇਸ ਤਰ੍ਹਾਂ ਪੁਰਾਣੇ ਸਿੱਖ ਪਰਿਵਾਰਾਂ ਦੀ ਸਾਰੀ ਦੀ ਸਾਰੀ ਰੂਪ-ਰੇਖਾ ਇਨ੍ਹਾਂ ਫ਼ੈਸ਼ਨ-ਪ੍ਰਸਤ ਨਾਮ-ਧਰੀਕ ਸਿਖ ਇਸਤ੍ਰੀਆਂ ਨੇ ਬਦਲ ਦਿੱਤੀ ਤੇ ਨਾ ਕੇਵਲ ਆਪ ਹੀ ਕੁਰਾਹੇ ਪਈਆਂ, ਸਗੋਂ ਹੱਠ-ਧਰਮੀ ਨਾਲ ਸਾਰੀ ਸ਼ਿੱਖ ਕੌਮ ਨੂੰ ਬਦਲ ਕੇ ਰੱਖ ਦਿੱਤਾ।

ਇਹ ਫ਼ੈਸ਼ਨੀ ਪਰਿਵਰਤਨ ਕਿਉਂ ਤੇ ਕਿਵੇਂ

---

[ਸਫਾ ੧੯ ਦੀ ਬਾਕੀ]

ਨੂੰ ਦਸਦਾ ਹੋਇਆ ਕਹਿੰਦਾ ਹੈ ਕਿ ਇਹ ਜੇ ਉਸ "ਅੱਲਾ ਦੇ ਰੂਪ" ਦਾ ਮਜ਼੍ਹਬ ਅਤੇ ਇਹ ਜੇ ਉਸਦੀ ਤਾਲੀਮ।

ਇਹ ਸਾਡੀ ਧਰਤੀ ਜੇਹੜੀ ਕਿ ਤਪੀਆਂ ਮੁਨੀਆਂ ਅਤੇ ਰਿਸ਼ੀਆਂ ਦੀ ਧਰਤੀ ਹੈ, ਇਹ ਕਿਸ ਦੇ ਸਹਾਰੇ ਤੇ ਖੜੀ ਹੈ ? ਉਨ੍ਹਾਂ ਰੱਬ ਦੇ ਪਿਆਰਿਆਂ ਦੀ ਘਾਲ ਕਮਾਈ ਤੇ ਜਿਨ੍ਹਾਂ ਨੇ ਜ਼ਾਤ-ਪਾਤ, ਊਚ ਨੀਚ ਦੇ ਭੇਦ ਭਾਵ ਮਿਟਾ ਕੇ, ਦੁਨਿਆਵੀ ਪਿਆਰ ਤੋਂ ਅਗਾਂਹ ਆਤਮਿਕ ਪਿਆਰ ਦੇ ਨਾਲ ਮਨੁਖ ਮਾਤਰ ਦੀ ਸੇਵਾ ਕੀਤੀ ਅਤੇ ਸਤਿਗੁਰੂ ਜੀ ਦੇ ਸਚੇ ਸਿਖ ਅਖਵਾ ਕੇ ਅਮਰ ਪਦਵੀ ਨੂੰ ਪ੍ਰਾਪਤ ਹੋਏ।



www.AKJ.Org

ਹੋਇਆ, ਜੇ ਅਸੀਂ ਇਸ ਸੰਬੰਧ ਵਿਚ ਸਿੱਖ ਰਾਜ ਤੇ ਉਸ ਤੋਂ ਪਿਛੋਂ ਦੀਆਂ ਸਿੱਖ ਇਸਤ੍ਰੀਆਂ ਦੇ ਰੇਖਾ-ਚਿਤ੍ਰ ਪੁਰਾਣੇ ਸੰਗ੍ਰਹਾਲਯਾਂ ਵਿਚੋਂ ਦੇਖੀਏ ਤੇ ਉਨ੍ਹਾਂ ਦਾ ਮੁਕਾਬਲਾ ਵਰਤਮਾਨ ਸਮੇਂ ਦੀਆਂ ਫ਼ੈਸ਼ਨ-ਪ੍ਰਸਤ ਤੇ ਮਨਮਤ ਦੇ ਸੱਚੇ ਵਿਚ ਢਲੀਆਂ ਹੋਈਆਂ ਸਿਖ ਇਸਤ੍ਰੀਆਂ ਨਾਲ ਕਰੀਏ ਤਾਂ ਸਹਿਜੇ ਹੀ ਸਾਰਾ ਹੀਜ ਪਿਆਜ ਸਾਮ੍ਹਣੇ ਆ ਜਾਂਦਾ ਹੈ।

ਸਿੱਖ ਰਾਜ ਤੋਂ ਪਿਛੋਂ ਸਿੰਘ ਸਭਾ ਲਹਿਰ ਦੇ ਜ਼ਮਾਨੇ ਵਿਚ ਸਾਡੇ ਸੁਧਾਰਕ ਆਗੂਆਂ ਨੇ ਸਿਖ ਪਰਿਵਾਰਾਂ ਦੀ ਇਸ ਢਹਿੰਦੀ ਕਲਾ ਨੂੰ ਠਲ੍ਹ ਪਾਉਣ ਵਾਸਤੇ ਸਿੱਖ ਇਸਤ੍ਰੀ ਵਿਦਿਆ ਦੇ ਨਾਲ ਨਾਲ ਸਿੰਘ ਸਭਾਈ, ਸਿਖ ਸਕੂਲਾਂ ਵਿਚ ਖ਼ਾਲਸਈ ਪਹਿਰਾਵੇ ਨੂੰ ਸੁਰਜੀਤ ਕੀਤਾ। ਇਨ੍ਹਾਂ ਸਕੂਲਾਂ ਵਿਚੋਂ ਬਾਬਾ ਖੇਮ ਸਿੰਘ ਬੇਦੀ ਕਲਰ (ਰਾਵਲਪਿੰਡੀ) ਦੇ ਭੁਜੰਗਣ ਸਕੂਲ, ਸ੍ਰੀ ਗੁਰੂ ਸਿੰਘ ਸਭਾ ਭਸੌੜ (ਪਟਿ-ਆਲਾ) ਦਾ ਵਿਦਿਆ ਭੰਡਾਰ, ਭੁਜੰਗਣ ਸਕੂਲ ਕੈਰੋਂ (ਅੰਮ੍ਰਿਤਸਰ), ਖ਼ਾਲਸਾ ਸਕੂਲ ਜਸਪਾਲੋਂ (ਲੁਧਿਆਣਾ) ਤੇ ਸਿੱਖ ਕੰਨਿਆ ਮਹਾਂ ਵਿਦਿਆਲਯ ਫ਼ੀਰੋਜ਼ਪੁਰ ਆਦਿ ਮਸ਼ਹੂਰ ਸਨ, ਸਾਰੀਆਂ ਹੀ ਸਿੱਖ ਬੀਬੀਆਂ ਸਿਰਾਂ ਉਤੇ ਦਸਤਾਰਾਂ ਧਾਰਨ ਕਰਦੀਆਂ ਤੇ ਹਰ ਪ੍ਰਕਾਰ ਦੇ ਗਹਿਣੇ ਗੱਟਿਆਂ ਤੋਂ ਉੱਕਾ ਹੀ ਪ੍ਰਹੇਜ਼ ਕਰਦੀਆਂ ਸਨ। ਖ਼ਾਲਸਾ ਦੀਵਾਨ ਅੰਮ੍ਰਿਤਸਰ ਤੇ ਲਾਹੌਰ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, ਪੰਚ ਖ਼ਾਲਸਾ ਦੀਵਾਨ ਪੰਚਖੰਡ ਭਸੌੜ (ਪਟਿਆਲਾ) ਗੜਗੱਜ ਅਕਾਲੀ ਦੀਵਾਨ, ਤਰਨ ਤਾਰਨ (ਅੰਮ੍ਰਿਤ-ਸਰ) ਤੇ ਸੈਂਟਰਲ ਮਾਝਾ ਖਾਲਸਾ ਦੀਵਾਨ ਕੀਰਤਨ ਗੜ੍ਹ (ਅੰਮ੍ਰਿਤਸਰ) ਦੀਆਂ ਸਿੱਖ ਬੀਬੀਆਂ ਪੂਰੀ ਤਰ੍ਹਾਂ ਦਸਤਾਰ ਦੀਆਂ ਧਾਰਨੀ ਸਨ। ਏਥੋਂ ਤਕ ਕਿ ਪਹਿਲੇ ਪਹਿਲ ਪੁਰਾਤਨ ਸਿਖ ਰਹਿਤ ਮਰਯਾਦਾ ਦੇ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਤਖਤ ਸ੍ਰੀ ਕੇਸ ਗੜ੍ਹ (ਆਨੰਦਪੁਰ ਸਾਹਿਬ) ਆਦਿ ਥਾਈਂ ਅੰਮ੍ਰਿਤ ਉਨ੍ਹਾਂ ਹੀ ਬੀਬੀਆਂ ਨੂੰ ਛਕਾਇਆ ਜਾਂਦਾ ਸੀ, ਜਿਨ੍ਹਾਂ ਦੇ ਸਿਰਾਂ ਉਤੇ ਦਸਤਾਰਾਂ ਹੋਣ ਤੇ ਹੋਰ ਕਿਸੇ ਗਹਿਣੇ ਗੱਟੇ ਵਾਲੀ ਜਾਂ ਕੰਨ-ਪਾਟੀ ਡੰਡੀਆਂ ਤੁੰਗਲਾਂ ਵਾਲੀ ਬੀਬੀ ਨੂੰ ਅੰਮ੍ਰਿਤ ਦੀ ਅਧਿਕਾਰੀ ਨਹੀਂ ਸੀ ਸਮਝਿਆ ਜਾਂਦਾ, ਪਰ ਸੰਨ ੧੯੨੬ ਤੋਂ ਪਿਛੋਂ ਸਿਖਾਂ ਦੇ ਧਰਮ ਦੀ ਥਾਵੇਂ ਵਧੇਰੇ ਰਾਜਨੀਤੀ ਵਿਚ ਪੈਰ ਪਸਾਰਨ ਦੇ ਕਾਰਨ ਇਹ ਮਰਯਾਦਾ ਧੀਰੇ ਧੀਰੇ ਬਦਲਣ ਲੱਗ ਪਈ, ਜਿਸ ਕਰਕੇ ਹੁਣ ਤਾਂ ਇਹ ਹਾਲ ਹੈ ਕਿ ਪੰਜ ਪਿਆਰਿਆਂ ਵਿਚ ਕਦਮ ਰੱਖਣ ਵਾਲੇ ਵੱਡੇ ਵੱਡੇ ਭਾਈ ਸਾਹਿਬਾਂ, ਗ੍ਰੰਥੀਆਂ, ਨਿਹੰਗਾਂ, ਜਥੇਦਾਰਾਂ, ਸਕੱਤਰਾਂ, ਆਗੂਆਂ ਤੇ ਪ੍ਰਧਾਨਾਂ ਦੇ ਘਰਾਂ ਵਿਚ, ਗੱਲ ਕੀ ਜਿਥੇ ਵੀ ਜਾਈਏ, ਦਸਤਾਰ-ਹੀਨ, ਕੰਨ-ਪਾਟੀਆਂ ਤੇ ਗਹਿਣੇ-ਗੱਟਿਆਂ ਵਾਲੀਆਂ ਬੀਬੀਆਂ ਹੀ ਨਜ਼ਰ ਆਉਂਦੀਆਂ ਹਨ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਦੇਖ ਕੇ ਸਿੱਖ ਤੇ ਹਿੰਦੂ-ਮੁਸਲਿਮ ਲੜਕੀਆਂ ਨੂੰ ਜੇ ਪਰਸਪਰ ਰਲਾ-ਮਿਲਾ ਕੇ ਦੇਖਿਆ ਜਾਵੇ ਤਾਂ ਉਨ੍ਹਾਂ ਵਿਚੋਂ ਸਿਖ ਬੀਬੀ ਦੀ ਪਛਾਣ ਕਰਨੀ ਇਕ ਔਖੀ ਜਿਹੀ ਗੱਲ ਬਣ ਜਾਂਦੀ ਹੈ।

ਇਸ ਲਈ ਚੰਡੀਗੜ੍ਹ ਹਕੂਮਤ ਜੇ ਅਜਿਹੀਆਂ ਗੁੱਤਾਂ ਵਾਲੀਆਂ ਫ਼ੈਸ਼ਨ-ਪ੍ਰਸਤ ਮੋਟਰ ਸਾਈਕਲਾਂ ਜਾਂ ਸਕੂਟਰਾਂ ਉਤੇ ਚੜ੍ਹ ਕੇ ਨੰਗੇ ਝਾਟੇ ਫਿਰਨ ਵਾਲੀਆਂ ਸਿੱਖ ਬੀਬੀਆਂ ਨੂੰ ਹੋਰ ਹਿੰਦੂ-ਮੁਸਲਿਮ ਬੀਬੀਆਂ ਦੇ ਨਾਲ ਹੀ ਫੜ ਕੇ ਹਥਕੜੀਆਂ ਵੀ ਲਗਾ ਦੇਵੇ ਤਾਂ ਫੇਰ ਅਸੀਂ ਕਿਸੇ ਹਾਲਤ ਵਿਚ ਵੀ ਉਸ ਦੇ ਇਸ ਵਰਤਾਉ ਨੂੰ ਬੇ-ਇਨਸਾਫ਼ੀ ਨਹੀਂ ਆਖ ਸਕਦੇ, ਕਿਉਂਕਿ ਹਿੰਦੂ-ਮੁਸਲਮਾਨਾਂ ਦੇ ਮੁਕਾਬਲੇ ਤੇ ਉਨ੍ਹਾਂ ਦੇ ਸਿੱਖੀ ਪਹਿਰਾਵੇ ਦਾ ਕੋਈ ਫ਼ਰਕ ਨਹੀਂ ਹੈ।

ਪਿੱਛੇ ਜਿਹੇ ਪਬਲਿਕ ਜਾਂ ਸਰਕਾਰੀ ਸਕੂਲਾਂ ਤੇ ਕਾਲਜਾਂ ਵਿਚ, ਜਿਵੇਂ ਕਿ ਮੈਨੂੰ ਆਪਣੇ ਬੱਚੇ ਦਾਖਲ ਕਰਾਣ ਸਮੇਂ ਤਜਰਬਾ ਹੋਇਆ, ਟ੍ਰੇਨਿੰਗ ਸਮੇਂ N.C.C. (ਐਨ. ਸੀ. ਸੀ.) ਦੀਆਂ ਕਲਾਸਾਂ ਵਿਚ ਹੋਰ ਵਿਦਿਆਰਥਣਾਂ ਵਾਂਗ ਹੀ ਸਿੱਖ ਬੀਬੀਆਂ ਨੂੰ ਵੀ ਟੋਪੀ ਪਹਿਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ। ਇਸ ਹਾਲਤ ਵਿਚ ਮੈਂ ਦੇਖਿਆ ਕਿ ਕਿਤਨੇ ਹੀ ਸਿੱਖ ਜੱਥੇਦਾਰਾਂ ਤੇ ਆਗੂਆਂ ਦੀਆਂ ਲੜਕੀਆਂ ਦੇ ਸਿਰਾਂ ਉਤੇ ਟੋਪੀਆਂ ਸਜੀਆਂ



www.AKJ.Org

ਹੋਈਆਂ ਦਿਖਾ ਕੇ ਕਈ ਵਾਰੀ ਟੀਚਰਾਂ ਵਲੋਂ ਮੇਰੀ ਲੜਕੀ ਨੂੰ ਵੀ ਸਿਰ ਉਤੇ ਕੈਪ ਰੱਖਣ ਲਈ ਮਜਬੂਰ ਕੀਤਾ ਜਾਂਦਾ ਰਿਹਾ, ਪਰ ਉਹ, ਜਿਵੇਂ ਕਿ ਮੇਰੀ ਹਦਾਇਤ ਸੀ, ਆਪਣੇ ਸਿਰ ਉਤੇ ਰੁਮਾਲ ਹੀ ਰਖਦੀ ਰਹੀ ਤੇ ਉਸ ਦੀ ਰੀਸੋ ਰੀਸ ਤਿੰਨ-ਚਾਰ ਹੋਰ ਸਿਖ ਲੜਕੀਆਂ ਨੇ ਵੀ ਆਪਣੇ ਸਿਰਾਂ ਉਤੇ ਕੈਪ ਦੀ ਥਾਵੇਂ ਰੁਮਾਲ ਰਖਣ ਦਾ ਹੀ ਪ੍ਰਣ ਪਾਲਿਆ।

ਸੋ ਇਸ ਲਈ ਕਹਿਣਾ ਪੈਂਦਾ ਹੈ ਕਿ ਜਦ ਮੰਨੇ-ਪ੍ਰਮੰਨੇ ਸਿੱਖ, ਜੱਥੇਦਾਰਾਂ ਦੀਆਂ ਲੜਕੀਆ ਸਕੂਲਾਂ-ਕਾਲਜਾਂ ਵਿਚ ਐਨ. ਸੀ. ਸੀ. ਦੀ ਟ੍ਰੇਨਿੰਗ ਸਮੇਂ ਟੋਪੀ ਰੱਖਣਾ ਹੀ ਪਸੰਦ ਕਰਨ ਤੇ ਘਰੋਂ ਉਨ੍ਹਾਂ ਨੂੰ ਇਸ ਮਨਮਤ ਤੋਂ ਹਟਣ ਦੀ ਕੋਈ ਵੀ ਹਦਾਇਤ ਨਾ ਹੋਵੇ ਤਾਂ ਇਸ ਹਾਲਤ ਵਿਚ ਹੋਰ ਆਮ ਸਿੱਖ ਵਿਦਿਆਰਥਣਾਂ ਦਾ ਕੀ ਹਾਲ ? ਕਿਉਂਕਿ ਉਨ੍ਹਾਂ ਦੇ ਸਾਮ੍ਹਣੇ ਪੰਥਕ ਆਗੂਆਂ ਜਾਂ ਜੱਥੇਦਾਰਾਂ ਦੀਆਂ ਲੜਕੀਆਂ ਤੋਂ ਵਧ ਕੇ ਸਿਰਾਂ ਉਤੇ ਟੋਪੀ ਰੱਖਣ ਜਾਂ ਨਾ ਰੱਖਣ ਦੀ ਹੋਰ ਕੋਈ ਮਿਸਾਲ ਕੰਮ ਨਹੀਂ ਦੇ ਸਕਦੀ।

ਇਸੇ ਕਾਰਨ ਮਜਬੂਰਨ ਕਹਿਣਾ ਪੈਂਦਾ ਹੈ ਕਿ ਜਿਸ ਤਰ੍ਹਾਂ ਹਿੰਦੁਸਤਾਨ ਦਾ ਬੁੱਧ ਧਰਮ ਇਥੋਂ ਦੇ ਲੋਕਾਂ ਦੀ ਅਨਗਹਿਲੀ ਕਾਰਨ ਆਪਣਾ ਦੇਸ ਛੱਡ ਕੇ ਹੋਰ ਦੇਸਾਂ——ਤਿੱਬਤ, ਚੀਨ, ਜਾਪਾਨ, ਕੋਰੀਆ ਆਦਿ ਦਾ ਧਰਮ ਬਣ ਗਿਆ, ਉਸੇ ਤਰ੍ਹਾਂ ਪੰਜਾਬ ਦਾ ਸੱਚਾ ਸੁੱਚਾ ਸਿਖ ਧਰਮ ਵੀ ਆਪਣਾ ਦੇਸ ਛੱਡ ਕੇ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਥਾਈਂ ਪਹੁੰਚ ਕੇ ਪਸਰਦਾ ਪ੍ਰਤੀਤ ਹੋ ਰਿਹਾ ਹੈ, ਜਿਸ ਕਰਕੇ ਉਥੋਂ ਦੀਆਂ ਸਿੱਖ ਬੀਬੀਆਂ ਦੇ ਸਿਰਾਂ ਉਤੇ ਦਸਤਾਰਾਂ ਸਜ ਰਹੀਆਂ ਹਨ ਤੇ ਸਾਡੀਆਂ ਪੰਜਾਬੀ ਬੀਬੀਆਂ ਨਵੇਂ ਮਨਮਤੀ ਫ਼ੈਸ਼ਨਾਂ ਦੇ ਪਿਛੇ ਲੱਗ ਇਸ ਗੁਰਮੁਖੀ ਪਹਿਰਾਵੇ ਨੂੰ ਉੱਕਾ ਹੀ ਖ਼ੈਰ-ਬਾਦ ਕਹਿ ਰਹੀਆਂ ਹਨ, ਜੋ ਕਿ ਬਹੁਤ ਹੀ ਅਫ਼ਸੋਸ ਵਾਲੀ ਗੱਲ ਹੈ।

ਗੁਰੂ ਪੰਚਮ ਪਾਤਸ਼ਾਹ ਦੇ ਹੁਕਮ——"ਸਾਬਤ ਸੂਰਤਿ ਦਸਤਾਰ ਸਿਰਾ ॥* ਦੇ ਅਨੁਸਾਰ ਹਰੇਕ ਮਰਦ ਜ਼ਨਾਨੀ ਲਈ ਸਿਰ ਪਰ ਦਸਤਾਰ ਧਾਰਨ ਕਰਨਾ ਸਾਬਤ ਸੂਰਤ ਦੀ ਨਿਸ਼ਾਨੀ ਹੈ, ਜਿਸ ਕਰਕੇ ਖ਼ਾਨ ਬਹਾਦੁਰ ਨਵਾਬ ਜ਼ਕਰੀਆ ਖ਼ਾਨ ਤੇ ਮੀਰ ਮੁਯੱਕਲ ਮੁਲਕ ਮੀਰ ਮੰਨੂ ਦੀ ਹਕੂਮਤ ਸਮੇਂ ਨਾ ਕੇਵਲ ਸਿੱਖ ਹੀ, ਸਗੋਂ ਸਿੰਘਣੀਆਂ ਵੀ ਸਿਰਾਂ ਉਤੇ ਦਸਤਾਰਾਂ ਧਾਰਨ ਕਰਦੀਆਂ ਸਨ, ਜਿਸ ਕਰਕੇ ਸਿੰਘਾਂ ਦੇ ਸਿਰਾਂ ਦਾ ਮੁੱਲ ਵੱਟਣ ਲਈ ਲੋਕੀ ਜਵਾਨ ਸਿੰਘਣੀਆਂ ਦੇ ਸਿਰ ਕੱਟ ਕੇ ਵੀ ਸੂਬਾ ਲਾਹੌਰ ਅੱਗੇ ਲਿਜਾ ਰਖਦੇ ਸਨ। ਇਸ ਦਾ ਇਕ ਵੱਡਾ ਕਾਰਨ ਇਹ ਸੀ ਕਿ ਸਿੱਖ ਇਸਤ੍ਰੀਆਂ ਕੰਨ - ਪਾਟੀਆਂ ਨਹੀਂ ਸਨ ਹੁੰਦੀਆਂ, ਜਿਸ ਕਰ ਕੇ ਸਿੱਖ ਨੌਜਵਾਨਾਂ ਤੇ ਸਿੰਘਣੀਆਂ ਵਿਚ ਕੋਈ ਖ਼ਾਸ ਫ਼ਰਕ ਨਜ਼ਰ ਨਹੀਂ ਸੀ ਆਉਂਦਾ। ਸਿੰਘਣੀਆਂ ਦੇ ਹਿੰਦੂ-ਮੁਸਲਿਮ ਜ਼ਨਾਨੀਆਂ ਦੇ ਮੁਕਾਬਲੇ ਤੇ ਉਨ੍ਹਾਂ ਨਾਲੋਂ ਵੱਖਰੇ ਪਹਿਰਾਵੇ ਦੀ ਇਹ ਇਕ ਸਭ ਤੋਂ ਵੱਡੀ ਮਿਸਾਲ ਹੈ।

* ਮਾਰੂ ਮ: ੫, ਸੋਲਹੇ ॥੧੨॥ ਪੰਨਾ ੧੦੮੪

## ਧੰਨਾ ਭਗਤ

[ਵਲੋਂ—ਸਵਰਗਵਾਸੀ ਸਾਧੂ ਸਿੰਘ ਸੂਫ਼ੀ]

ਪੱਥਰ ਵਿਚ ਪਰਮੇਸ਼ਰ ਪਾਇਆ, ਕਰ ਸ਼ਰਧਾ ਜੱਟ ਧੰਨੇ,
ਸਭ ਜਗ ਮੰਨੇ।
ਚੂਰੀ ਉਸ ਨੂੰ ਕੁੱਟ ਖਵਾਈ, ਬਹਿ ਕੇ ਖੇਤਾਂ ਬੰਨੇ,
ਪਾ ਵਿਚ ਛੰਨੇ।
ਵਾਹਿਆ ਖੂਹ, ਕਿਆਰੇ ਮੋੜੇ, ਰੱਖ ਰਜਾਈ ਚੰਨੇ,
ਦੀਮਾਂ ਭੰਨੇ।
ਹਰ ਥਾਂ ਹਰੀ ਬਸੇ ਨਿਤ ਸੂਫ਼ੀ, ਹਰ ਪਾਸੇ ਹਰ ਵੰਨੇ,
ਹਰ ਹਰ ਕੰਨੇ।

www.AKJ.Org

[ਸੂਫ਼ੀ ਡਿਓਢਾਂ ਪਸਤੂਕ ਵਿਚੋਂ

# ਪੰਥ ਸਾਜਨਾ ਦ੍ਰਿਸ਼

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ, ਜ਼ਿਲਾ ਗੁੜਗਾਉਂ]

ਕਾਮਲ ਮਰਦ ਦਸਮੇਸ਼ ਅਜ ਤਖਤ ਉਤੇ, ਲੈ ਕੇ ਹੱਥ ਵਿਚ ਨੰਗੀ ਕਿਰਪਾਨ ਆਇਐ ।
ਚੋਜੀ ਪ੍ਰੀਤਮ ਨਿਤ ਨਵੇਂ ਹੀ ਚੋਜ ਕਰਦਾ, ਅਜ ਨਵਾਂ ਹੀ ਕੌਤਕ ਰਚਾਨ ਆਇਐ ।
ਦੋ ਸੋ ਸਾਲ ਤੋਂ ਸਿਖਿਆ ਚਲਦੀ ਰਹੀ, ਅਜ ਲੈਣ ਉਸ ਦਾ ਇਮਤਿਹਾਨ ਆਇਐ ।
ਲੈ ਕੇ ਰੂਪ-ਰੇਖਾ ਨਿਰੰਕਾਰ ਕੋਲੋਂ, ਜਗ ਤੇ ਪੰਥ ਨਿਰਾਲਾ ਸਜਾਣ ਆਇਐ ।
ਬਣ ਕੇ ਪੁੱਤ ਉਸ ਪਿਤਾ ਅਕਾਲ ਜੀ ਦਾ, ਰੂਪ ਧਾਰ 'ਗੋਬਿੰਦ' ਭਗਵਾਨ ਆਇਐ ।
ਸੰਤ ਤਾਰਨ ਲਈ ਦੁਸ਼ਟਾਂ ਦੇ ਮਾਰਨੇ ਨੂੰ, ਸੰਤ-ਸੂਰਮਾ, ਬਲੀ ਮਹਾਨ ਆਇਐ ।
ਸੁਰਤਾਂ ਮੋਈਆਂ ਦੇ ਤਾਈਂ ਜਿਵਾਣ ਖਾਤਰ, ਅਮਿਓ-ਰਸ ਦੀ ਨੈਂ ਵਗਾਣ ਆਇਐ ।
ਬਣ ਕੇ ਦਾਤਾ, ਗਰੀਬ ਨਿਵਾਜ਼ ਜਗ ਤੇ, ਰੁਲਦੇ-ਖੁਲਦਿਆਂ ਨੂੰ ਗੱਲੇ ਲਾਣ ਆਇਐ ।
ਉਚ ਨੀਚ ਦੇ ਵਿਤਕਰੇ ਮੇਟਣੇ ਲਈ, ਚੁਕ ਕੇ ਨੀਚਾਂ ਨੂੰ ਉਚਾ ਬਣਾਣ ਆਇਐ ।
ਤੇਲ ਪਾ ਕੇ ਪਿਤਾ ਦੇ ਖ਼ੂਨ ਦਾ ਇਹ, ਦਾਨੀ ਜਗਤ ਦੇ ਦੀਵੇ ਜਗਾਣ ਆਇਐ ।
ਰਾਖਾ ਧਰਮ ਦਾ ਦੇਸ਼ ਦੇ ਪੁੱਤਰਾਂ ਤੋਂ, ਪੁੱਤਰ ਆਪਣੇ ਕਰਨ ਕੁਰਬਾਨ ਆਇਐ ।
ਨਾੜਾਂ ਵਿਚ ਕਰਕੇ ਟੀਕਾ ਬੀਰਤਾ ਦਾ, ਠੰਢਾ ਹੋ ਰਿਹਾ ਲਹੂ ਗਰਮਾਨ ਆਇਐ ।
ਛੀਂਬੇ, ਝੀਵਰਾਂ, ਨਾਈਆਂ ਤੇ ਬਾਣੀਆਂ ਦੇ, ਹੱਥਾਂ ਵਿਚ ਤਲਵਾਰਾਂ ਪਕੜਾਣ ਆਇਐ ।
ਇਕ ਇਕ ਨੂੰ ਅੰਮ੍ਰਿਤ ਦਾ ਜਾਮ ਦੇ ਕੇ, ਸਵਾ ਲਖ ਦੇ ਨਾਲ ਲੜਾਣ ਆਇਐ ।
ਖੰਡੇ-ਧਾਰ ਪਾਹੁਲ ਦਾ ਸਿੰਚਾਰ ਕਰ ਕੇ, ਮੁਰਦਾ ਦਿਲਾਂ ਅੰਦਰ ਜਾਨ ਪਾਣ ਆਇਐ ।
ਭਾਰਤ ਬਾਗ਼ ਦੇ ਸੁਕਦੇ ਹੋਏ ਬੂਟਿਆਂ ਨੂੰ, ਪਾਣੀ ਪ੍ਰੇਮ-ਪਿਆਰ ਦਾ ਲਾਣ ਆਇਐ ।
ਅਮਲੀ ਜੀਵਨ ਆਦਰਸ਼ ਦੀ ਨੀਂਹ ਰਖ ਕੇ ਖ਼ਾਲਸ 'ਖ਼ਾਲਸਾ' ਸਾਜਨਾ ਕਰੇਗਾ ਇਹ ।
ਹਸ਼ਰ ਤੀਕ ਵੀ ਹਿਲਣੀ ਨਹੀਂ ਜਿਹੜੀ, ਐਸੀ ਨੀਂਹ 'ਮਿਤੱਰ' ਅਜ ਧਰੇਗਾ ਇਹ ।

---

# ਬੇਨਤੀਆਂ

੧. ਕਿਸੇ ਮਨੁੱਖ ਦਾ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਵਿਤਕਰੇ ਨਾਲ ਬੈਠਣਾ ਜਾਂ ਉਸ ਨੂੰ ਬਹਾਉਣਾ ਮਨਮਤ ਹੈ ।

੨. ਸੰਗਤ ਵਿਚ ਜਾਂ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਪ੍ਰਕਾਸ਼ ਸਮੇਂ ਕਿਸੇ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ । ਸੰਗਤ ਵਿਚ ਸਿਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕਢਣਾ ਗੁਰਮਤਿ ਵਿਰੁੱਧ ਹੈ ।

੩. ਬਚਿਆਂ ਨੂੰ ੭-੮ ਸਾਲ ਦੀ ਉਮਰ ਵਿਚ ਦਸਤਾਰ ਸਜਾਉਣ ਦੀ ਆਦਤ ਪਾਓ ।

੪. ਬਚਿਆਂ ਨੂੰ ਛੋਟੇ ਹੁੰਦਿਆਂ ਤੋਂ ਗੁਰਬਾਣੀ ਪੜ੍ਹਨ ਦੀ ਆਦਤ ਪਾਓ ਤੇ ਗੁਰਮੁਖੀ ਜ਼ਰੂਰ ਪੜ੍ਹਾਓ ।

੫. ਬਚਿਆਂ ਨੂੰ ਸੰਗਤ ਵਿਚ ਜ਼ਰੂਰੀ ਨਾਲ ਲਿਜਾਓ ।


www.AKJ.Org

# ਤੈਲਗੂ ਫ਼ਿਲਮਾਂ 'ਚ ਸਿੱਖੀ ਤੇ ਹਮਲੇ

ਇੰਡੀਅਨ ਐਕਸਪ੍ਰੈਸ (ਬੰਬੇ ਐਡੀਸ਼ਨ) ੨੧ ਜਨਵਰੀ ਦੀ ਸੂਚਨਾ ਅਨੁਸਾਰ ਹੈਦਰਾਬਾਦ ਵਿਚ ਇਕ ਤੈਲਗੂ ਫਿਲਮ ਚਲਾਈ ਜਾਂਦੀ ਰਹੀ ਹੈ ਜਿਸ 'ਚ ਸਿਖਾਂ ਨੂੰ ਸਿਗਰਟ ਪੀਂਦੇ ਦਿਖਾਇਆ ਗਿਆ ਹੈ, ਜਿਸ ਨੇ ਲੋਕਲ ਸਿਖਾਂ ਵਿਚ ਭਾਰੀ ਗੁਸਾ ਤੇ ਬੇਚੈਨੀ ਫੈਲਾ ਦਿਤੀ। ਕਿਹਾ ਜਾਂਦਾ ਹੈ ਕਿ ਨੈਯੂਦੂਬਾਵਾ ਨਾਂ ਦੀ ਕਥਿਤ ਫ਼ਿਲਮ ਨੂੰ ਜਦੋਂ ਸਿਖਾਂ ਨੇ ਹੈਦਰਾਬਾਦ ਤੇ ਨਾਲ ਲਗਦੇ ਸ਼ਹਿਰਾਂ ਵਿਚ ਦੇਖਿਆ ਤਾਂ ਕੁਝ ਸਿਖਾਂ ਨੇ ਉਸ ਥੀਏਟਰ ਤੇ ਹਮਲਾ ਬੋਲ ਦਿਤਾ ਜਿਸ ਵਿਚ ਉਪ-ਰੋਕਤ ਫ਼ਿਲਮ ਚਲ ਰਹੀ ਸੀ। ਸਿਖਾਂ ਨੇ ਥੀਏਟਰ ਦੇ ਸ਼ੋ ਕੇਸ ਭੰਨ ਦਿਤੇ ਤੇ ਹੋਰ ਵੀ ਨੁਕਸਾਨ ਕੀਤਾ। ਉਹਨਾਂ ਨੇ ਇਹ ਮੰਗ ਕੀਤੀ ਕਿ ਤੈਲਗੂ ਫ਼ਿਲਮ ਵਿਚੋਂ ਸਿਖੀ ਤੇ ਹਮਲੇ ਕਰਨ ਵਾਲੇ ਸੀਨ ਕਟ ਦਿਤੇ ਜਾਣ। ਥੀਏਟਰ ਦੇ ਮੈਨੇਜਰ ਨੇ ਭੜਕੇ ਹੋਏ ਸਿਖਾਂ ਨੂੰ ਵਿਸ਼ਵਾਸ ਦੁਆਇਆ ਕਿ ਸਿਖੀ ਸ਼ਾਨ ਵਿਰੁਧ ਬਣੇ ਸੀਨ ਨਹੀਂ ਦਿਖਾਏ ਜਾਣਗੇ। ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਹੈਦਰਾਬਾਦ ਨੇ ਵੀ ਇਸ ਗਲ ਦਾ ਸਖ਼ਤ ਨੋਟ ਲਿਆ ਹੈ ਤੇ ਅਜਿਹੀ ਫ਼ਿਲਮ ਦੇ ਚਲਣ ਤੇ ਭਾਰੀ ਚਿੰਤਾ ਤੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਗੁਰਦੁਆਰੇ ਦੇ ਪ੍ਰੈਜ਼ੀਡੈਂਟ ਸ: ਮੋਹਨ ਸਿੰਘ ਨੇ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਨੂੰ ਇਸ ਘਟਨਾ ਬਾਰੇ ਚਿਠੀ ਲਿਖੀ ਹੈ ਤੇ ਕਿਹਾ ਹੈ ਕਿ ਇਹ ਪਹਿਲੀ ਵਾਰੀ ਅਜਿਹੀ ਘਟਨਾ ਨਹੀਂ ਵਾਪਰੀ ਹੈ ਬਲਕਿ ਇਸ ਤੋਂ ਪਹਿਲਾਂ ਭੀ ਇਕ ਹੋਰ ਤੈਲਗੂ ਫ਼ਿਲਮ 'ਜੀਵਨ ਬਧੰਮ' ਵਿਚ ਇਹੋ ਜਿਹੇ ਕੋਝੇ ਸੀਨ ਵਿਖਾਏ ਗਏ ਸਨ।

ਇਸ ਵਿਚ ਕੋਈ ਅਤਿਕਥਨੀ ਨਹੀਂ ਹਿੰਦੁਸਤਾਨ ਵਿਚ 'ਫ਼ਿਲਮਾਂ' ਦੀ ਚੜ੍ਹਤ ਨੇ ਨੌ-ਜਵਾਨਾਂ ਤੇ ਬਚਿਆਂ ਨੂੰ ਗੁਮਰਾਹ ਕਰਨ ਵਿਚ ਵਡਾ ਹਿਸਾ ਪਾਇਆ ਹੈ। ਫ਼ਿਲਮਾਂ ਵਿਚ ਵਿਖਾਈ ਜਾਂਦੀ ਹਿੰਸਾ, ਡਕੈਤੀਆਂ ਤੇ ਚੋਰ ਬਜ਼ਾਰੀ ਦਾ ਜੋ ਪ੍ਰਭਾਵ ਬਚਿਆਂ ਤੇ ਪੈ ਰਿਹਾ ਹੈ ਉਹ ਅਸੀਂ ਨਿਤ ਵਾਪਰਦੀਆਂ ਘਟਨਾਵਾਂ ਤੋਂ ਭੀ ਦੇਖ ਲੈਂਦੇ ਹਾਂ। ਬੈਂਕਾਂ ਵਿਚ ਡਕੈਤੀ ਕਰਨ ਦੀ ਪ੍ਰੇਰਨਾ ਫ਼ਿਲਮਾਂ ਤੋਂ ਕਈਆਂ ਨੂੰ ਮਿਲੀ। ਇਸ ਤਰ੍ਹਾਂ ਇਕਾ ਦੁਕਾ ਫ਼ਿਲਮਾਂ ਨੂੰ ਛਡ ਕੇ ਬਾਕੀ ਸਭ ਫਿਲਮਾਂ ਨੇ ਭਾਰਤੀਆਂ ਦੇ ਚਰਿਤਰ ਤੇ ਮਾਰੂ ਹਮਲਾ ਕੀਤਾ ਹੈ। ਫਿਲਮਾਂ ਦਾ ਬੁਰਾ ਪ੍ਰਭਾਵ ਸਿਖ ਧਰਮ ਤੇ ਵੀ ਬਹੁਤ ਜ਼ਿਆਦਾ ਪਿਆ ਹੈ। ਇਸ ਦਾ ਵਡਾ ਕਾਰਨ ਇਹ ਹੈ ਕਿ ਫਿਲਮ ਡਾਇਰੈਕਟਰ ਤੇ ਹੋਰ ਵਿਅਕਤੀ ਸਿਖ ਧਰਮ ਦੇ ਬੁਨਿਆਦੀ ਅਸੂਲਾਂ ਤੋਂ ਜਾਣੂ ਨਹੀਂ। ਕਈ ਵਾਰੀ ਤਾਂ ਸ਼ਰਾਰਤਬਾਜ਼ੀ ਦੇ ਕਾਰਨ ਵੀ ਸਿਖੀ ਵਿਰੁਧ ਕਈ ਸੀਨ ਫਿਲਮਾਂ ਵਿਚ ਦਿਖਾਏ ਜਾਂਦੇ ਹਨ। ਪਿਛੇ ਜਿਹੇ ਇਕ ਪੰਜਾਬੀ ਫ਼ਿਲਮ 'ਸਵਾ ਲਾਖ ਸੇ ਏਕ ਲੜਾਊਂ' ਦਾ ਵੀ ਨਿਹੰਗ ਸਿੰਘਾਂ ਨੇ ਕਰੜਾ ਵਿਰੋਧ ਕੀਤਾ ਸੀ, ਜਿਸ ਵਿਚ ਦਾਰਾ ਸਿੰਘ ਦੇ ਇਤਰਾਜ਼ ਯੋਗ ਰੋਲ ਦੀ ਨਿਹੰਗਾਂ ਨੇ ਨਿੰਦਾ ਕੀਤੀ।

ਇਸ ਪਰਕਾਰ ਦੀਆਂ ਘਟਨਾਵਾਂ ਰੋਕਣ ਲਈ ਸਿਖ ਮੁਖੀਆਂ ਨੂੰ ਠੋਸ ਉਪਾ ਕਰਨੇ ਚਾਹੀਦੇ ਹਨ ਅਤੇ ਅਜਿਹੀਆਂ ਫ਼ਿਲਮਾਂ ਜ਼ਬਤ ਕਰਵਾਈਆਂ ਜਾਣ।

[ਗੁਰਮਤਿ ਵਿਚਾਰ ਪਤਰਿਕਾ ਦੇ ਧਨਵਾਦਿ ਸਹਿਤ

---

*ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਡਾਕ ਰਾਹੀਂ ਮੰਗਾਣ ਲਈ ੧/੨੫ ਭੇਜੋ।*



www.AKJ.Org

# ਖਾਲਸਾ ਪੰਥ ਤੇ ਵਿਸਾਖੀ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, 75/3, ਬੰਬਈ—82]

ਸੰਸਾਰ ਵਿਚ ਅਜ ਜਿਤਨੇ ਧਰਮ ਹਨ, ਉਹਨਾਂ ਵਿਚੋਂ ਕੇਵਲ ਸਿਖ ਧਰਮ ਹੀ ਅਜਿਹਾ ਹੈ ਜਿਸ ਨੂੰ ਆਪਣੇ ਜਨਮ ਦਿਨ ਦਾ ਗਿਆਨ ਹੈ ਅਤੇ ਉਹ ਹਰ ਸਾਲ ਆਪਣੇ ਇਸ ਜਨਮ ਦਿਨ ਨੂੰ ਉਚੇਚੇ ਉਤਸ਼ਾਹ ਅਤੇ ਹਰ ਨਵੇਂ ਸਾਲ ਲਈ ਨਵੀਂ ਜੀਵਨ-ਪ੍ਰੇਰਨਾ ਲੈਣ ਲਈ ਮਨਾਂਦਾ ਹੈ।

ਵਿਸਾਖੀ ਦੇ ਦਿਨ ਨੂੰ ਖਾਲਸਾ ਜੀ ਦਾ ਜਨਮ ਦਿਨ, ਅਥਵਾ ਨਿਰਮਾਣ ਦਿਵਸ ਜਾਂ ਪੁਨਰ ਜੀਵਨ ਦਿਵਸ ਤੇ ਇਸ ਦੇ ਨਾਲ ਨਾਲ ਇਸ ਨੂੰ ਖਾਲਸਾ ਸੰਮਤ ਦਾ ਨੌਰੋਜ਼ ਅਤੇ ਸਿਖਾਂ ਦਾ ਕ੍ਰਿਸਮਿਸ ਵੀ ਕਹਿ ਸਕਦੇ ਹਾਂ। ਵਿਸਾਖੀ ਦਿਵਸ ਸਿਖਾਂ ਦਾ ਸਾਮਰਾਜ ਦਿਵਸ ਹੈ।

ਸਿਖ ਇਤਿਹਾਸ ਵਿਚ ਵਿਸਾਖੀ ਦੇ ਦਿਨ ਨੂੰ ਇਕ ਖ਼ਾਸ ਮਹੱਤਤਾ ਹੈ, ਕਿਉਂ ਜੁ ਇਸ ਨੇ ਸਿਖ ਇਤਿਹਾਸ ਦੇ ਕਈ ਸੁਨਹਿਰੀ ਪੰਨੇ ਜੋੜ ਕੇ ਇਸ ਨੂੰ ਲਾਸਾਨੀ ਤੇ ਆਕ੍ਰਿਸ਼ਕ ਬਣਾਇਆ ਹੈ।

ਸਿਖ ਇਤਿਹਾਸ ਦਾ ਪੰਨਾ ਪੰਨਾ ਪੂਰਨ ਤੌਰ ਤੇ ਵਿਸਾਖੀ ਨਾਲ ਸੰਬੰਧਤ ਹੈ।

(੧) ਜਨਮ ਸਾਖੀ ਅਨੁਸਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਵਸ—ਚੇਤ ਸੁਦੀ ਤੀਜ—ਮਾਹ ਵਿਸਾਖ ੧੫੨੬ ਦਾ ਹੈ, ਜੋ ਕਿ ੨੭ ਮਾਰਚ ੧੪੬੯, ਐਤਵਾਰ ਬਣਦਾ ਹੈ। ਪੰਚ ਖੰਡ ਦੇ ਵਿਦਵਾਨਾਂ ਅਨੁਸਾਰ ਉਹ ਦਿਨ ਵਿਸਾਖੀ ਦਾ ਸੀ।

(੨) ਗੁਰੂ ਨਾਨਕ ਪਾਤਿਸ਼ਾਹ ਜਦੋਂ ਜਗਤ ਉਧਾਰ ਲਈ "ਚੜਿਆ ਸੋਧਣਿ ਧਰਤਿ ਲੁਕਾਈ" ਤਾਂ ਈਸਵੀ ੧੫੦੭ ਵਿਚ ਸੁਲਤਾਨਪੁਰ ਤੋਂ ਚਲ ਕੇ ੨੭ ਮਾਰਚ ੧੫੦੮ ਨੂੰ ਵਿਸਾਖੀ ਵਾਲੇ ਦਿਨ ਹੀ ਹਰਦੁਆਰ ਪੁਜੇ, ਜਿਥੇ ਕਿ ਸੰਗ੍ਰਾਂਦ-ਇਸ਼ਨਾਨ ਕਰਨ ਆਏ ਲੋਕਾਂ ਨੂੰ ਉਪਦੇਸ਼ ਦਿਤਾ—

(ਗੁਰੂ ਨਾਨਕ ਦੇਵ ਐਂਡ ਹਿਜ਼ ਟੀਚਿੰਗਜ਼,ਪੰਨਾ ੩੭)

(੩) ਸ੍ਰੀ ਗੁਰੂ ਅੰਗਦ ਦੇਵ ਪਾਤਿਸ਼ਾਹ ਦਾ ਜਨਮ ੧੫੬੭ ਦੀ ਵਿਸਾਖੀ ਦੇ ੪ ਦਿਨ ਪਿਛੋਂ ੩੧ ਮਾਰਚ ੧੫੦੪ ਨੂੰ ਹੋਇਆ ਸੀ।

(੪) ਅਤੇ ਦੂਜੇ ਪਾਤਿਸ਼ਾਹ ਵਿਸਾਖੀ ਦੇ ਤੀਜੇ ਦਿਨ ੨੯ ਮਾਰਚ ੧੫੫੨ ਨੂੰ ਜੋਤੀ ਜੋਤਿ ਸਮਾਏ।

(੫) ਵਿਸਾਖੀ ਵਾਲੇ ਦਿਨ ਹੀ ੧੬੦੯ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਗੁਰ-ਗਦੀ ਪ੍ਰਾਪਤ ਹੋਈ।

(੬) ੧੬੨੨ ਦੀ ਵਿਸਾਖੀ ਵਾਲੇ ਦਿਨ ਹੀ ਤੀਜੇ ਸਤਿਗੁਰੂ ਜੀ ਨੇ ਸਿਖ ਧਰਮ ਪ੍ਰਚਾਰ ਲਈ ਦੇਸ਼ ਵਿਚ ਥਾਉਂ ਥਾਈਂ ੨੨ ਮੰਜੀਆਂ ਅਤੇ ੬੨ ਪੀੜ੍ਹੇ ਸਥਾਪਨ ਕੀਤੇ।

(੭) ਇਸੇ ਦਿਨ ਹੀ ਤੀਜੇ ਸਤਿਗੁਰੂ ਜੀ ਨੇ ਪੰਥਕ ਪੱਧਰ ਉਤੇ ਵਿਸਾਖੀ ਦੀ ਮਹੱਤਤਾ ਬਣਾਣ ਲਈ ਸਭ ਤੋਂ ਪਹਿਲਾਂ ਸਿਖ ਸੰਗਤਾਂ ਨੂੰ ਸਾਲ ਦੇ ਸਾਲ ਗੁਰੂ-ਦਰਸ਼ਨਾਂ ਲਈ ਕੇਂਦਰ ਉਤੇ ਪੁਜ ਕੇ ਮਨਾਣ ਅਤੇ ਕੇਂਦਰ ਉਤੇ ਇਕਤ੍ਰ ਹੋਣ ਦੀ ਪ੍ਰੇਰਨਾ ਦੇਣ ਲਈ ਭਾਈ ਪਾਰੋ ਜੀ ਨੂੰ ਥਾਉਂ ਥਾਈਂ ਭੇਜਿਆ ਅਤੇ ੧੬੨੩ ਦੀ ਵਿਸਾਖੀ ਨੂੰ ਪਹਿਲੀ ਵੇਰ ਜੋੜ ਮੇਲੇ ਦੇ ਰੂਪ ਵਿਚ ਗੋਇੰਦਵਾਲ ਸਾਹਿਬ ਵਿਖੇ ਮਨਾਇਆ ਗਿਆ।

(ਗੁਰ ਬਿਲਾਸ ਪਾਤਿਸ਼ਾਹੀ ੬,
ਨਵਮ ਅਧਿ:, ਪੰਨਾ:੨੨੯-੨੩੧)

(੮) ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਦਾ ਪ੍ਰਕਾਸ਼ ਵੀ ੧੬੨੦ ਦੀ ਵਿਸਾਖੀ ਦੇ ੧੮ ਦਿਨ ਪਿਛੋਂ, ੧੯ ਵਿਸਾਖ ੧੬੨੦ (੧੫ ਅਪ੍ਰੈਲ ੧੫੬੩) ਨੂੰ ਹੋਇਆ ਸੀ।

(੯) ੧੬੭੦ ਦੀ ਵਿਸਾਖੀ ਵਾਲੇ ਦਿਨ ੨੭ ਮਾਰਚ ੧੬੧੩ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਵਿਆਹ, ਰਾਮਦਾਸ ਪੁਰੇ ਵਿਖੇ ਮਾਤਾ ਨਾਨਕੀ



www.AKJ.Org

ਜੀ ਨਾਲ ਹੋਇਆ ।

(੧੦) ੧੬੭੮ ਦੀ ਵਿਸਾਖੀ ਦੇ ੪ ਦਿਨ ਪਿਛੋਂ ੧ ਅਪ੍ਰੈਲ ੧੬੨੧ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ।

(੧੧) ੧੭੨੧ ਦੀ ਵਿਸਾਖੀ ਵਾਲੇ ਦਿਨ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਨੌਵੀਂ ਗੁਰ ਜੋਤਿ ਸੰਬੰਧੀ 'ਬਾਬਾ ਬਕਾਲੇ'' ਦਾ ਸੰਕੇਤ ਕਰ ਕੇ ਆਪ ਤੀਜੇ ਦਿਨ ੩ ਵਿਸਾਖ ੧੭੨੧ (੩੦ ਮਾਰਚ ੧੬੬੪) ਨੂੰ ਜੋਤੀ ਜੋਤਿ ਸਮਾ ਗਏ । ਜਿਸ ਦੇ ਸਿਟੇ ਵਜੋਂ ਬਕਾਲੇ ਵਿਚ ਗੁਰੂਆਂ ਦੀ ਹੇੜ ਲਗ ਗਈ । ਪੂਰਾ ਇਕ ਸਾਲ ਸੱਚੇ ਗੁਰੂ ਦੀ ਭਾਲ ਹੁੰਦੀ ਰਹੀ ।

(੧੨) ਅੰਤ ੧੭੨੩ ਦੀ ਵਿਸਾਖੀ ਵਾਲੇ ਦਿਨ ਮਖਣ ਸ਼ਾਹ ਦੇ ਸਿਦਕ ਨੇ ਗੁਰੂ ਨੂੰ ਢੂੰਡ ਲਿਆ ਤੇ ੮ ਵਿਸਾਖ ੧੭੨੨ (੭ ਅਪ੍ਰੈਲ ੧੬੬੫) ਨੂੰ ਭਾਈ ਝੰਡਾ ਜੀ ਦੇ ਹਥੋਂ ਗੁਰਿਆਈ-ਤਿਲਕ ਹੋ ਕੇ ਸਤਿਗੁਰੂ ਜੀ ਗੁਰ-ਗਦੀ ਉਤੇ ਬਿਰਾਜਮਾਨ ਹੋਏ ।

(ਹਿਸਟ੍ਰੀ ਆਫ਼ ਦੀ ਸਿਖਸ-ਹਿੱਸਾ ੧, ਪੰਨਾ ੧੫੩)

(੧੩) ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ੧੧ ਨਵੰਬਰ ੧੬੭੫ (੧੧ ਮਘਰ ੧੭੩੨) ਨੂੰ ਦਿਲੀ ਵਿਖੇ ਚਾਂਦਨੀ ਚੌਕ ਵਿਚ ਸ਼ਹੀਦੀ ਉਪ੍ਰੰਤ ੨੯ ਮਾਰਚ ੧੬੭੬ ਨੂੰ ਬੁਧਵਾਰ ਵਾਲੇ ਦਿਨ ੧੭੩੩ ਦੀ ਵਿਸਾਖੀ ਵਾਲੇ ਦਿਨ ਭਾਈ ਰਾਮ ਕੋਰ ਜੀ ਹੱਥੋਂ ਤਿਲਕ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਗੁਰ-ਗਦੀ ਉਤੇ ਬਿਰਾਜੇ ਸਨ ।

(ਤਾਰੀਖ਼ ਗੁਰੂ ਖ਼ਾਲਸਾ, ਪੰਨਾ ੭੬੩)

(੧੪) ਇਸੇ ਦਿਨ, ਦਮਮੇਸ਼ ਪਿਤਾ ਜੀ ਦੇ ਗੁਰ-ਗਦੀ ਦਿਵਸ ਵਾਲੇ ਦਿਨ ਹੀ ਭਾਈ ਹਰਦਾਸ ਜੀ ਨੇ ਨੌਵੇਂ ਪਾਤਿਸ਼ਾਹ ਦੇ ਸਮੇਂ, ਉਹਨਾਂ ਦੇ ਮੁਤਾਬਕ ਖ਼ਾਸ ਦਸਖ਼ਤਾਂ ਨਾਲ ਅਰੰਭ ਕੀਤੀ ਆਦਿ ਗ੍ਰੰਥ ਸਾਹਿਬ ਦੀ ਬੀੜ, ਨੌਵੇਂ ਮਹਲੇ ਦੀ ਬਾਣੀ ਸਮੇਤ, ਸੰਪੂਰਨ ਕੀਤੀ । ਬੀੜ ਦੇ ਅੰਤ ਵਿਚ ਲਿਖਾਰੀ ਦੇ ਦਸਖ਼ਤਾਂ ਚੋਂ ਨਿਮ੍ਰਤਾ ਤੇ ਗੁਰੂ-ਭਗਤੀ ਡੁਲ੍ਹ ਡੁਲ੍ਹ ਪੈਂਦੀ ਹੈ—

' ਗ੍ਰੰਥ ਸੰਪੂਰਨ ਹੋਆ, ਲਿਖਿਆ ਹਰਿਦਾਸ ਲਿਖਾਰੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ । ਭੁਲ ਚੁਕ ਹੋਵੇ ਸੋ ਸੋਧਨਾ । ਗੁਲਾਮ ਪਤਿਤ, ਅਘ ਪਤਿਤ ਹਰਿ ਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ॥''

(੧੫) ਇਸੇ ਦਿਨ ਹੀ (ਗਦੀ-ਨਸ਼ੀਨੀ ਵਾਲੇ ਦਿਨ) ਗੌਰੀ ਪੁਰ ਆਸਾਮ ਦੇ ਰਾਜੇ ਰਾਮ ਰਾਏ ਦੇ ਪੁੱਤਰ ਰਤਨ ਰਾਏ ਨੇ ਸਤਿਗੁਰੂ ਜੀ ਨੂੰ ਸਫ਼ੈਦ ਪ੍ਰਸਾਦੀ ਹਾਥੀ ਭੇਟ ਕੀਤਾ ।

(੧੬) ਇਸੇ ਦਿਨ ਹੀ ਭਾਈ ਦੁਨੀ ਚੰਦ ਜੀ ਭਾਈ ਦਿਆਲ ਚੰਦ ਜੀ ਦੀ ਪ੍ਰੇਰਨਾ ਨਾਲ ਗੁਰੂ-ਦਰਸ਼ਨਾਂ ਨੂੰ ਆਏ ਅਤੇ ਇਕ ਅਤਿਅੰਤ ਹੀ ਵਡ-ਮੁਲਾ ਸ਼ਾਮਿਆਨਾ, ਜਿਸ ਉਤੇ ਉਦੋਂ ਢਾਈ ਲਖ ਰੁਪੈ ਲਗੇ ਸਨ, ਭੇਟ ਕੀਤਾ ।

ਇਹੋ ਹਾਥੀ, ਸ਼ਾਮਿਆਨਾ ਅਤੇ ਇਕ ਪੰਜ-ਕਲਾ ਸ਼ਸਤਰ ਹੀ ਭੰਗਾਣੀ ਦੇ ਯੁਧ ਦਾ ਕਾਰਨ ਬਣਿਆ । ਇਹ ਯੁਧ ੧੬੮੯ ਈ: (ਸੰਮਤ ੧੭੪੬) ਵਿਚ ਹੋਇਆ ਸੀ ।

(੧੭) ੨੯ ਮਾਰਚ ੧੬੮੦ ਸੋਮਵਾਰ (ਸੰਮਤ ੧੭੩੭) ਦੀ ਵਿਸਾਖੀ ਦੇ ਦਿਨ ਸਤਿਗੁਰੂ ਜੀ ਦੀ ਮਾਤਾ ਜੀਤੋ ਜੀ (ਭਾ: ਹਰਜਸ ਸੁਭਾਖੀਏ ਦੀ ਸਪੁਤ੍ਰੀ) ਨਾਲ ਕੁੜਮਾਈ ਹੋਈ । ਵਿਆਹ ੬ ਸਾਲ ਪਿਛੋਂ ੨੨ ਜੂਨ ੧੬੮੬ (੨੪ ਹਾੜ ੧੭੪੩) ਨੂੰ ਐਤਵਾਰ ਵਾਲੇ ਦਿਨ ਹੋਇਆ ।

(੧੮) ਬਿਕ੍ਰਮੀ ੧੭੩੯ ਦੀ ਵਿਸਾਖੀ ਦੇ ਦਿਨ (੨੯ ਮਾਰਚ ੧੬੮੨) ਬੁਧਵਾਰ ਨੂੰ ਭਾਈ ਨੰਦ ਲਾਲ ਜੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗੁਰੂ-ਚਰਨਾਂ ਵਿਚ ਪੁਜੇ ਤੇ ਉਥੋਂ ਦੇ ਹੀ ਹੋ ਕੇ ਰਹਿ ਗਏ ।

(ਪੁਰਖ ਭਗਵੰਤ—ਸਤਿਬੀਰ ਸਿੰਘ, ਪੰਨਾ੬੫, ਬਾ: ਸਰੂਪ ਦਾਸ ਭਲਾ-ਮਹਿਮਾ ਪ੍ਰਕਾਸ਼, ਪੰਨਾ ੨੭੫

(੧੯) ੧੭੪੮ ਦੀ ਵਿਸਾਖੀ ਵਾਲੇ ਦਿਨ (੨੯ ਮਾਰਚ ੧੬੯੧) ਐਤਵਾਰ ਨੂੰ ਸਤਿਗੁਰੂ ਜੀ ਪਹਾੜੀ ਰਾਜਿਆਂ ਦੇ ਇਕੱਠ ਵਿਚ ਰਵਾਲਸਰ



www.AKJ.Org

ਗਏ ਸਨ।

(ਪੁਰਖ ਭਗਵੰਤ—ਸਤਬੀਰ ਸਿੰਘ, ਪੰਨਾ ੧੦੬)

(੨੦) ੧੭੫੧ ਬਿਕ੍ਰਮੀ (੩੦ ਮਾਰਚ ੧੬੯੪) ਦੀ ਵਿਸਾਖੀ ਵਾਲੇ ਦਿਨ ਦਸਮੇਸ਼ ਪਿਤਾ ਜੀ ਹਰਦੁਆਰ ਪੁਜੇ ਤੇ ਉਥੇ ਪਹਿਲੇ ਪਹਿਲ ਮਾਧੋ ਦਾਸ ਬੈਰਾਗੀ ਮਿਲਿਆ ਸੀ, ਜਿਹੜਾ ਕਿ ਪਿਛੋਂ ਸਤਿਗੁਰੂ ਜੀ ਨੂੰ ੧੩ ਸਾਲ ਪਿਛੋਂ ਨਾਦੇੜ ਵਿਚ ਮਿਲਿਆ ਤੇ ਅੰਮ੍ਰਿਤ ਛੱਕ ਕੇ ਬੰਦਾ ਸਿੰਘ ਬਣਿਆ।

(ਪੁਰਖ ਭਗਵੰਤ—ਪੰਨਾ ੧੦੮)

(੨੧) ੧੭੫੨ ਦੀ ਵਿਸਾਖੀ ਉਤੇ ਦੜਪ ਦਾਸ ਦੀ ਸੰਗਤ ਦੀ ਬੇਨਤੀ ਉਤੇ ਬਜਰੂੜ ਪਿੰਡ ਦੇ ਰੰਘੜਾਂ ਤੇ ਗੁਜਰਾਂ ਦੀ ਸੁਧਾਈ ਕੀਤੀ ਅਤੇ ਉਹਨਾਂ ਦਾ ਲੁਟਿਆ ਮਾਲ ਵਾਪਸ ਦੁਆਇਆ।

(ਤਾਰੀਖ਼ ਗੁਰੂ ਖ਼ਾਲਸਾ—ਭਾਗ ੩, ਪੰਨਾ ੮੪੫)
(ਕਲਗੀਧਰ ਚਮਤਕਾਰ—ਪੂਰਬਾਰਧ, ਪੰਨਾ ੩੦੫)

(੨੨) ੨੯ ਮਾਰਚ ੧੬੯੭ (੧੭੫੪ ਬਿਕ੍ਰਮੀ) ਨੂੰ ਸਤਿਗੁਰੂ ਜੀ ਨੇ ਬਚਿਤ੍ਰ ਨਾਟਕ ਦੀ ਰਚਨਾ ਦਾ ਆਰੰਭ ਕੀਤਾ।

(੨੩) ੧੬੯੯ ਦੀ ਵਿਸਾਖੀ ਤੀਕ ਵਿਸਾਖੀ ਦਾ ਜੋੜ ਮੇਲਾ ਪੰਥ ਵਿਚ ਚੰਗਾ ਪ੍ਰਸਿਧ ਹੋ ਚੁਕਾ ਸੀ। ਹੁਣ ਤੀਕ ੧੩੨ ਜੋੜ ਮੇਲੇ ਮਨਾਏ ਜਾ ਚੁਕੇ ਸਨ ਤੇ ਇਸੇ ਦਿਨ ਹੀ ਵਧ ਤੋਂ ਵਧ ਸੰਗਤਾਂ ਜੁੜਦੀਆਂ ਸਨ। ਇਸੇ ਲਈ ਸਤਿਗੁਰੂ ਜੀ ਨੇ ਖ਼ਾਲਸਾ ਜੀ ਦੇ ਨਿਰਮਾਣ ਲਈ ਇਹੋ ਦਿਨ ਹੀ ਸਭ ਤੋਂ ਵਧ ਯੋਗ ਸਮਝਿਆ ਅਤੇ ੧੭੫੬ ਦੀ ਵਿਸਾਖੀ ਵਾਲੇ ਦਿਨ (੧੩ ਅਪ੍ਰੈਲ ੧੬੯੯) ਨੂੰ ਆਪਣੀ ਸ਼ਕਤੀ ਚੋਂ ਖ਼ਾਲਸਾ ਪੈਦਾ ਕੀਤਾ।

(ਗੁਰ ਸੋਭਾ—ਕਵੀ ਸੈਨਾਪਤਿ, ਪੰਨਾ ੨੯)

(੨੪) ਹਮੇਸ਼ਾ ਵਾਂਗੂੰ ਹੀ ੧੭੦੯ (੧੭੬੬ ਬਿਕ੍ਰਮੀ) ਦੀ ਵਿਸਾਖੀ ਨੂੰ ਸੰਗਤਾਂ ਸ੍ਰੀ ਅੰਮ੍ਰਿਤਸਰ ਜੀ ਇਕੱਠੀਆਂ ਹੋਈਆਂ। ਕਿਸੇ ਗਲੋਂ ਦੀਵਾਨ ਚੂਹੜ ਮਲ ਤੇ ਸਿਖਾਂ ਦੀ ਤਕਰਾਰ ਹੋ ਗਈ। ਚੂਹੜ ਮਲ ਨੇ ਲਾਹੌਰ ਦੇ ਫ਼ੌਜਦਾਰ ਅਸਲਮ ਖ਼ਾਂ, ਤੇ ਪਟੀ ਦੇ ਚੋਧਰੀ ਦੇਵਾ ਤੇ ਦੀਵਾਨ ਹਰਮੁਖ ਰਾਏ ਨੂੰ ਬੁਲਾਇਆ। ਪੁਤਲੀ ਘਰ ਵਾਲੀ ਥਾਂ ਨੇੜੇ ਚੰਗਾ ਮੁਕਾਬਲਾ ਹੋਇਆ। ਦੀਵਾਨ ਮਾਰਿਆ ਗਿਆ, ਦੇਵਾ ਨਠ ਗਿਆ ਤੇ ਅਸਲਮ ਖ਼ਾਨ ਲਾਹੌਰ ਮੁੜ ਗਿਆ। ਉਦੋਂ ਇਹ ਗੱਲ ਆਮ ਪ੍ਰਸਿਧ ਹੋ ਗਈ :—

ਹਰਸਾ ਮਾਰਿਆ,ਦੇਵਾ ਨਠਾ, ਅਸਲਾਂ ਗਈ ਲਾਹੌਰ।

(੨੫) ੧੭੧੦ ਈ: (ਸੰਮਤ ੧੭੬੭ ਬਿਕ੍ਰਮੀ) ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਸਾਰ ਦੀ ਸਭ ਤੋਂ ਪਹਿਲੀ ਜਮਹੂਰੀਅਤ ਦਾ ਐਲਾਨ ਕੀਤਾ ਅਤੇ ਸਰਬ ਸਾਂਝੇ ਜਨ-ਤੰਤ੍ਰ ਦੀ ਸਥਾਪਨਾ ਕੀਤੀ।

(੨੬) (੧੭੭੧ ਬਿਕ੍ਰਮੀ) ੧੭੧੪ ਈ: ਦੀ ਵਿਸਾਖੀ ਵਾਲੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਅੰਮ੍ਰਿਤਸਰ ਪੁਜਾ। ੧੭੧੬ ਜੂਨ ਵਿਚ ਬੰਦਾ ਸਿੰਘ ਨੂੰ ਦਿਲੀ ਵਿਚ ਸ਼ਹੀਦ ਕਰ ਦਿਤਾ ਗਿਆ ਤੇ ਉਸ ਪਿਛੋਂ ਪੰਥ ਵਿਚ ਦੋ ਧੜੇ (ਬੰਦਈ ਖਾਲਸਾ ਤੇ ਤਤ ਖ਼ਾਲਸਾ) ਬਣ ਗਏ ਅਤੇ ਇਹਨਾਂ ਦੇ ਆਪੋ ਵਿਚ ਮਤ ਭੇਦ ਵਧ ਗਏ। ਇਨ੍ਹਾਂ ਨੂੰ ਨਜਿਠਣ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ, ਜਿਨ੍ਹਾਂ ਨੇ ੧੭੨੧ ਈ: (ਸੰਮਤ ੧੭੭੮) ਦੀ ਵਿਸਾਖੀ ਉਤੇ ਜੋੜ ਮੇਲੇ ਵਿਚ ਜੁੜੇ ਖ਼ਾਲਸਾ ਜੀ ਦੇ ਮਤ-ਭੇਦ ਦੂਰ ਕਰ ਦਿਤੇ।

੧੭੧੬ ਤੋਂ ੧੭੩੩ ਤੀਕ ਖਾਲਸਾ ਢਹਿੰਦਾ ਉਠਦਾ ਵਕਤ ਦੀ ਹਕੂਮਤ ਨਾਲ ਜੂਝਦਾ ਰਿਹਾ।

ਫਗਣ ੧੭੨੫ ਵਿਚ ਸ: ਤਾਰਾ ਸਿੰਘ ਬੰਨ ਅਤੇ ਬਘੇਲ ਸਿੰਘ ਪਿੰਡ ਵਾਂ (ਅੰਮ੍ਰਿਤਸਰ) ਦੀ ਸ਼ਹੀਦੀ ਨੇ ਸਿੰਘਾਂ ਦੀ ਆਤਮਾ ਨੂੰ ਝੰਜੋੜ ਕੇ ਰਖ ਦਿਤਾ ਤੇ ਖਾਲਸਾ ਜੀ ਵਿਚ ਨਵੀਂ ਰੂਹ ਤੇ ਨਵਾਂ ਜੋਸ਼-ਜਜ਼ਬਾ ਭਰ ਕੇ ਰਖ ਦਿਤਾ, ਜਿਸ ਨੇ ੬-੭ ਸਾਲ ਵਿਚ ਹੀ ਹਕੂਮਤ ਨੂੰ ਇਸ ਗੱਲ ਦਾ ਅਹਿਸਾਸ ਕਰਾ ਦਿਤਾ ਕਿ ਸਿਖਾਂ ਨਾਲ ਸਮਝੌਤਾ ਕੀਤੇ ਬਿਨਾਂ ਗੁਜ਼ਾਰਾ ਨਹੀਂ ਹੈ।

(੨੭) ਸੋ ੧੭੩੩ ਈ: (੧੭੯੦ ਬਿ:) ਦੀ ਵਿਸਾਖੀ ਵਾਲੇ ਦਿਨ ਭਾ: ਸੁਬੇਗ ਸਿੰਘ ਜੀ ਦੀ



www.AKJ.Org

ਹਥੀਂ ਇਕ ਲਖ ਦੀ ਜਗੀਰ ਤੇ ਨਵਾਬੀ ਦਾ ਪੱਟਾ ਭੇਜਿਆ, ਜਿਹੜਾ ਕਿ ਪੰਥ ਨੇ ਆਪਣੇ ਸਭ ਤੋਂ ਵਧ ਨਿਰਮਾਣ ਸੇਵਕ ਨਵਾਬ ਕਪੂਰ ਸਿੰਘ ਨੂੰ ਬਖ਼ਸ਼ ਦਿਤਾ। ਸਰਕਾਰ ਅਤੇ ਸਿੰਘਾਂ ਦਾ ਇਹ ਸਮਝੌਤਾ ਮਸਾਂ ਦੋ ਸਾਲ ਹੀ ਨਿਭ ਸਕਿਆ। ਇਸ ਪਿਛੋਂ ਮੁੜ ਸਿੰਘਾਂ ਉਤੇ ਜ਼ੁਲਮੀ ਦੌਰ ਸ਼ੁਰੂ ਹੋ ਗਿਆ।

(ਜੀਵਨ ਬ੍ਰਿਤਾਂਤ, ਨਵਾਬ ਕਪੂਰ ਸਿੰਘ—— ਬਾ: ਪ੍ਰੇਮ ਸਿੰਘ, ਪੰਨਾ ੪੨)

੧੭੩੭ ਵਿਚ ਹਕੀਕਤ ਰਾਏ ਨੂੰ ਸਕੂਲ ਦੇ ਸਹਿ-ਪਾਠੀ ਬੱਚਿਆਂ ਵਿਚ ਆਪੋ ਵਿਚ ਤਕਰਾਰ ਹੋ ਜਾਣ ਤੇ, ਲਾਹੌਰ ਵਿਖੇ ਸਰੇ ਬਾਜ਼ਾਰ ਸ਼ਹੀਦ ਕਰ ਦਿਤਾ ਗਿਆ। ਇਹ ਘਟਨਾ ਬਸੰਤ ਪੰਚਮੀ ਵਾਲੇ ਦਿਨ ਦੀ ਹੈ।

੭ ਦਸੰਬਰ ੧੭੩੮ ਨੂੰ ਲਾਹੌਰ ਵਿਚ ਹੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟ ਕੇ ਸ਼ਹੀਦ ਕਰ ਦਿਤਾ ਗਿਆ।

੧੭੩੭ ਵਿਚ ਨਾਦਰ ਸ਼ਾਹ ਨੇ ਪਿਸ਼ੌਰ ਅਤੇ ਸੂਬਾ ਸਿੰਧ ਭਾਰਤ ਤੋਂ ਖੋਹ ਕੇ ਅਫ਼ਗਾਨਿਸਤਾਨ (ਮਧ ਏਸ਼ੀਆ) ਨਾਲ ਮਿਲਾ ਦਿਤਾ। ਇਹ ਪਰਤੱਖ ਸੀ ਕਿ ਜੇ ਨਾਦਰ ਸ਼ਾਹ ਦੀ ਤਾਕਤ ਨੂੰ ਠਲ੍ਹ ਨਾ ਪਾਈ ਗਈ ਤਾਂ ਸਾਰਾ ਭਾਰਤ ਹੀ ਅਫ਼ਗਾਨਿਸ-ਤਾਨ ਹੇਠ ਚਲਾ ਜਾਣਾ ਸੀ। ਦੇਸ਼ ਸੁਤੰਤ੍ਰਤਾ ਦੇ ਸ਼ਮ੍ਹਾ ਦੇ ਪ੍ਰਵਾਨੇ ਦਸਮੇਸ਼ ਪਿਤਾ ਦੇ ਸਿੰਘ ਭਲਾ ਇਹ ਕਿਵੇਂ ਸਹਿਨ ਕਰ ਸਕਦੇ ਸਨ। ਇਹੋ ਹੀ ਕਾਰਨ ਹੈ ਕਿ ਮੁਗ਼ਲਾਂ, ਅਬਦਾਲੀਆਂ, ਨਾਦਰਾਂ, ਤੇ ਦੁਰਾਨੀਆਂ ਨਾਲ ਦੇਸ਼ ਵਿਚ ਕੇਵਲ ਸਿਖ ਹੀ ਲੋਹਾ ਲੈਂਦੇ ਰਹੇ ਤੇ ਇਹੋ ਹੀ ਉਹਨਾਂ ਦੇ ਕਹਿਰਾਂ ਦੇ ਨਿਸ਼ਾਨੇ ਬਣਦੇ ਰਹੇ।

੧੭੩੯ ਵਿਚ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨੇ ਸ਼ਹੀਦੀ ਦਿਤੀ।

ਸੂਰਾ ਸਿੰਘ ਕਲਾਲ ਨੂੰ ਸ਼ਿਕਾਰੀ ਕੁੱਤਿਆਂ ਤੋਂ ਪੜਵਾ ਕੇ ਸ਼ਹੀਦ ਕੀਤਾ ਗਿਆ।

ਭਾਈ ਹੀਰਾ ਸਿੰਘ ਰੰਘੜ ਨੂੰ ਛਾਤੀ ਤੀਕ ਜ਼ਮੀਨ ਵਿਚ ਗਡ ਕੇ ਸੰਗ-ਸਾਰ ਕੀਤਾ ਗਿਆ (ਪੱਥਰ ਮਾਰ ਮਾਰ ਕੇ ਸ਼ਹੀਦ ਕੀਤਾ ਗਿਆ)।

ਭਾਈ ਸਦਨ ਸਿੰਘ ਮਜ਼ਹਬੀ ਤੇ ਤੇਜਾ ਸਿੰਘ ਨੂੰ ਸੂਲੀ ਉਤੇ ਟੰਗ ਕੇ ਸ਼ਹੀਦ ਕੀਤਾ ਗਿਆ।

੧੭੪੦ ਵਿਚ ਭਾ: ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਨੂੰ ਚਰਖੜੀ ਉਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ।

੧੭੪੧ ਵਿਚ ਭਾ: ਬਲਾਕਾ ਸਿੰਘ ਹਠੀਲਾ ਨੂੰ ਦਰੱਖ਼ਤ ਨਾਲ ਪੁੱਠਾ ਲਟਕਾ ਕੇ ਤੇ ਪੱਥਰ ਮਾਰ ਮਾਰ ਕੇ ਦੇਸ਼-ਭਗਤੀ ਤੇ ਪੰਥਕ-ਪਿਆਰ ਦੀ ਸਜ਼ਾ ਦਿਤੀ ਗਈ।

੧੭੪੫ ਵਿਚ ੮ ਅਕਤੂਬਰ (੮ ਕਤਕ ੧੮੦੨) ਨੂੰ ਭਾਈ ਤਾਰੂ ਸਿੰਘ ਜੀ ਦੇ ਕੇਸ ਕਤਲ ਕਰਨ ਤੋਂ ਅਸਮ੍ਰਥ ਰਹਿਣ ਕਰਕੇ ਉਨ੍ਹਾਂ ਦੀ ਖੋਪਰੀ ਲਾਹ ਦਿਤੀ ਗਈ।

੧੭੪੬ ਵਿਚ ਦੀਵਾਨ ਜਸਪਤ ਰਾਏ ਦੇ ਹੁਕਮ ਨਾਲ ਪਿੰਡ ਪਿੰਡ ਚੋਂ ਲਭ ਲਭ ਕੇ ਸਿੰਘਾਂ ਦਾ ਕਤਲਿ-ਆਮ ਕੀਤਾ ਗਿਆ। ਭਾਈ ਤਾਰਾ ਸਿੰਘ ਤਖਾਣ ਨੂੰ ਰਸਿਆਂ ਨਾਲ ਜਕੜ ਕੇ ਮੁੰਗਲੀਆਂ ਮਾਰ ਮ ਰ ਕੇ ਸ਼ਹੀਦ ਕੀਤਾ ਗਿਆ।

ਭਾ: ਪਹਾੜਾ ਸਿੰਘ ਸੈਦਪੁਰੀਏ ਨੂੰ ਤਸਮ-ਕਸ਼ੀ ਨਾਲ ਜੀਵਨ ਅੰਤ ਕੀਤਾ ਗਿਆ।

(੨੮) ੧੭੪੬ ਦੀ ਵਿਸਾਖੀ ਉਤੇ ਦੀਵਾਨ ਲਖਪਤ ਰਾਏ ਦਾ ਭਰਾ ਦੀਵਾਨ ਜਸਪਤ, ਸਿੰਘਾਂ ਨਾਲ ਛੇੜਖਾਨੀ ਕਰ ਬੈਠਾ, ਜਿਸ ਦੇ ਸਿਟੇ ਵਜੋਂ ਚੰਗਾ ਮੁਕਾਬਲਾ ਹੋਇਆ। ਭਾਈ ਨਿਬਾਹੂ ਸਿੰਘ ਹਾਥੀ ਦੀ ਪੂਛ ਫੜ ਕੇ ਹਾਥੀ ਉਤੇ ਚੜ੍ਹ ਗਿਆ ਤੇ ਜਸਪਤ ਦਾ ਸਿਰ ਕਟ ਦਿਤਾ। ਆਪਣੇ ਭਰਾ ਦਾ ਬਦਲਾ ਲੈਣ ਲਈ ਭਾਰੀ ਲਾਓ-ਲਸ਼ਕਰ ਲੈ ਕੇ ਇਕ ਜੂਨ ੧੭੪੬ ਨੂੰ ਕਾਹਨੂਵਾਨ ਗੁਰਦਾਸਪੁਰ) ਦੇ ਛੰਭ ਵਿਚ ਖ਼ਾਲਸਾ ਦਲ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਰਾਰੇ ਹੱਥਾਂ ਨਾਲ ਵੈਰੀ-ਦਲ ਦਾ ਟਾਕਰਾ ਕੀਤਾ ਅਤੇ ਅਨੇਕਾਂ ਦੇ ਆਹੂ ਲਾਹੇ। ਪਰ ਜਦੋਂ ਸਾਰੇ ਝੱਲ ਨੂੰ ਅੱਗ ਲਾ ਦਿਤੀ ਗਈ ਤਾਂ ਸਿੰਘਾਂ ਦਾ



www.AKJ.Org

ਇਕ-ਮੁਠ ਰਹਿਣਾ ਔਖਾ ਹੋ ਗਿਆ ਅਤੇ ਇਕੋ ਦਿਨ ਵਿਚ ਦਸ ਹਜ਼ਾਰ ਤੋਂ ਵਧ ਸਿੰਘ ਸ਼ਹੀਦੀਆਂ ਪਾ ਗਏ। ਇਸ ਘਟਨਾ ਨੂੰ ਸਿਖ ਇਤਿਹਾਸ ਵਿਚ ਛੋਟਾ ਘਲੂਘਾਰਾ ਆਖਿਆ ਜਾਂਦਾ ਹੈ।

(੨੯) ੧੭੪੮ ਦੇ ਆਰੰਭ ਵਿਚ ਖ਼ਾਨ ਜ਼ਕਰੀਆ ਖ਼ਾਨ ਦੇ ਪੁਤਰਾਂ ਯਹਯਾ ਖ਼ਾਨ ਅਤੇ ਸ਼ਾਹ ਨਿਵਾਜ਼ ਦੀ ਆਪੋ ਵਿਚ ਖੜਕ ਗਈ। ਸ਼ਾਹ ਨਿਵਾਜ਼ ਨੇ ਯਹਯਾ ਖ਼ਾਨ ਨੂੰ ਲਾਹੌਰੋਂ ਕਢ ਦਿਤਾ ਤੇ ੧੭੪੯ ਵਿਚ ਦਿਲੀ ਦਰਬਾਰ ਤੋਂ ਬਾਗ਼ੀ ਹੋ ਕੇ ਅਬਦਾਲੀ ਨੂੰ ਅਫ਼ਗਾਨਿਸਤਾਨ ਵਿਚੋਂ ਸਦ ਲਿਆ। ਪਰ ਅਬਦਾਲੀ ਮੁਗ਼ਲਾਂ ਹਥੋਂ ਹਾਰ ਗਿਆ ਤੇ ਦਿਲੀ ਦਰਬਾਰ ਵਲੋਂ ਮੀਰ ਮੰਨੂੰ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ। ਇਸ ਰੌਲੇ ਗੌਲੇ ਵਿਚ ਸਿੰਘਾਂ ਨੇ ਅੰਮ੍ਰਿਤਸਰ ਦੇ ਖ਼ਾਨ ਸਲਾਮਤ ਖ਼ਾਨ, ਜਿਹੜਾ ਸਿੰਘਾਂ ਨੂੰ ਸਰੋਵਰ ਸਾਹਿਬ ਵਿਚ ਇਸ਼ਨਾਨ ਕਰਨ ਆਇਆਂ ਨੂੰ ਗੋਲੀ ਮਾਰ ਦਿਆ ਕਰਦਾ ਸੀ, ਨਾਲ ਲੋਹਾ ਲੈ ਕੇ ਉਸ ਦਾ ਫ਼ਸਤਾ ਵਢ ਦਿਤਾ ਤੇ ਇਸ ਸਾਲ ਸਿੰਘਾਂ ਨੇ ਵਿਸਾਖੀ ਦਾ ਦਿਨ ਬੜੀ ਹੀ ਧੂਮ ਧਾਮ ਨਾਲ ਮਨਾਇਆ ਅਤੇ ਪੰਥ ਜਿਹੜਾ ਕਿ ਉਦੋਂ ੬੫ ਜਥਿਆਂ ਵਿਚ ਵੰਡਿਆ ਜਾ ਚੁਕਾ ਸੀ, ਨੂੰ ਨਵਾਬ ਕਪੂਰ ਸਿੰਘ ਨੇ ੧੭੪੮ ਦੀ ਵਿਸਾਖੀ ਵਾਲੇ ਦਿਨ, "ਇਕ ਪੰਥ, ਇਕ ਆਗੂ ਤੇ ਇਕ ਆਦਰਸ਼" ਦਾ ਨਾਹਰਾ ਦੇ ਕੇ ਦਲ ਖਾਲਸੇ ਦੀ ਇਕੋ ਇਕ ਜੱਥੇਬੰਦੀ ਵਿਚ ਇਕਤ੍ਰ ਕਰ ਕੇ ੧੨ ਦਲਾਂ ਵਿਚ ਵੰਡ ਦਿਤਾ। ਇਹੋ ਦਲ ਹੀ ਪਿਛੋਂ ੧੨ ਮਿਸਲਾਂ ਦੇ ਨਾਉਂ ਤੋਂ ਪ੍ਰਸਿਧ ਹੋਏ।

ਦਲ ਖਾਲਸਾ ਨੇ ਇਸੇ ਸਾਲ ਹੀ ਰਾਮਸਰ ਦੇ ਨੇੜੇ ਰਾਮ ਰੌਣੀ ਦੀ ਗੜ੍ਹੀ ਉਸਾਰ ਲਈ।

੧੭੫੨ ਵਿਚ ਮੀਰ ਮੰਨੂੰ ਨੇ ਅਬਦਾਲੀ ਮੂਹਰੇ ਹਥਿਆਰ ਸੁੱਟ ਦਿਤੇ ਤੇ ਦਿਲੀ ਤੋਂ ਬਾਗ਼ੀ ਹੋ ਕੇ ਕਾਬਲ ਅਧੀਨ ਹੋਣਾ ਮੰਨ ਲਿਆ। ਸਿਖਾਂ ਲਈ ਇਹ ਵੀ ਸਹਿਨ ਕਰਨਾ ਬਹੁਤ ਔਖਾ ਸੀ। ਉਹਨਾਂ ਦੀ ਮਾਤ੍ਰ-ਭੂਮੀ ਤੇ ਪੁੰਨ-ਭੂਮੀ ਹੌਲੇ ਹੌਲੇ ਖੁਰਦੀ ਜਾ ਰਹੀ ਸੀ। ਸੋ ਸਿਖਾਂ ਦਾ ਹਕੂਮਤ ਵਿਰੁਧ ਤੇ ਹਕੂਮਤ (ਮੀਰ ਮੰਨੂੰ) ਦਾ ਸਿਖਾਂ ਵਿਰੁਧ ਵਤੀਰਾ ਅਤਯੰਤ ਹੀ ਸਖ਼ਤ ਹੋ ਗਿਆ। ਮੀਰ ਮੰਨੂੰ ਨੇ ਇਥੋਂ ਤੀਕ ਸਿਖਾਂ ਵਿਰੁਧ ਸਖ਼ਤੀਆਂ ਕੀਤੀਆਂ ਕਿ ਦੁਧ ਪੀਂਦੇ ਮਾਸੂਮ ਬੱਚਿਆਂ ਅਤੇ ਸਿੱਖ ਬੀਬੀਆਂ ਨੂੰ ਸ਼ਹੀਦ ਕਰ ਕਰ ਕੇ ਆਪਣੀ ਸਿੱਖ-ਦੁਸ਼ਮਣੀ ਦੀ ਭੜਾਸ ਮਿਟਾਣ ਲਗਾ।

(੩੦) ਸੰਮਤ ੧੮੧੦ (੧੭੫੭ ਈ:) ਨੂੰ ਵਿਸਾਖੀ ਵਾਲੇ ਦਿਨ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਅਤੇ ਸਰਹੰਦ ਦੇ ਸੂਬੇ ਸਦੀਕ ਬੇਗ ਨੇ ਅਨੰਦਪੁਰ ਉਤੇ ਅਚਾਨਕ ਹਮਲਾ ਕਰ ਦਿਤਾ, ਪਰ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਦੁਸ਼ਮਣ ਨੂੰ ਨਠਾ ਦਿਤਾ।

(੩੧) ੧੭੫੭ ਈ: ਵਿਚ ਹੀ ਅਬਦਾਲੀ ਨੇ ਚੌਥੀ ਵੇਰ ਭਾਰਤ ਉਤੇ ਹਲਾ ਕੀਤਾ ਤੇ ਇਸ ਵੇਰ ਸਰਹੰਦ ਨੂੰ ਫਤਹ ਕਰ ਕੇ ਭਾਰਤ ਨਾਲੋਂ ਤੋੜ ਲਿਆ ਅਤੇ ਵਾਪਸ ਜਾਂਦਾ ਹੋਇਆ ਅੰਮ੍ਰਿਤਸਰ ਸਰੋਵਰ ਸਾਹਿਬ ਨੂੰ ਮਿਟੀ ਨਾਲ ਪੂਰ ਗਿਆ।

(੩੨) ੧੭੫੮ ਦੀ ਵਿਸਾਖੀ ਉਤੇ ਜੁੜੇ ਖਾਲਸਾ ਜੀ ਨੇ ਮੁੜ ਕੇ ਪੰਜਾਬ ਤੇ ਛਾ ਜਾਣ, ਭਾਰਤ ਦੇ ਖੁਸੇ ਇਲਾਕੇ ਮੁੜ ਕੇ ਸਰ ਕਰ ਲੈਣ, ਅੰਮ੍ਰਿਤ ਸਰੋਵਰ ਦੀ ਮੁੜ ਕੇ ਖੁਦਾਈ ਕਰਨ ਦੀ ਪ੍ਰਤਗਿਆ ਕੀਤੀ। ਇਸ ਸਾਲ ਸਿੰਘਾਂ ਨੇ ਚੰਗੀਆਂ ਮੱਲਾਂ ਮਾਰੀਆਂ, ਲਾਹੌਰ ਨੂੰ ਕਈ ਵੇਰ ਦਿਲ ਖੋਲ੍ਹ ਕੇ ਸੋਧਿਆ ਅਤੇ ਕਈ ਥਾਈਂ ਆਪਣੇ ਅਧਿਕਾਰ ਜਮਾ ਲੈਣ ਵਿਚ ਸਫਲ ਹੋਏ।

(੩੩) ੧੪ ਅਪ੍ਰੈਲ ੧੭੬੦ ਸੰਮਤ ੧੮੧੩) ਵਿਸਾਖੀ ਵਾਲੇ ਦਿਨ ਲਾਹੌਰ ਨੂੰ ਫਤਹ ਕਰਨ ਦਾ ਮਤਾ ਪਾਸ ਹੋਇਆ ਤੇ ੧੬ ਅਪ੍ਰੈਲ ਨੂੰ ਲਾਹੌਰ ਉਤੇ ਹਲਾ ਬੋਲ ਦਿਤਾ। ਉਥੋਂ ਪਠਾਣਾਂ ਨੂੰ ਕੈਦ ਕਰ ਕੇ ਲਿਆਂਦਾ ਗਿਆ ਤੇ ਸਰੋਵਰ ਦੀ ਸਫ਼ਾਈ ਉਹਨਾਂ ਪਾਸੋਂ ਕਰਾਈ ਗਈ। ਸ: ਜੱਸਾ ਸਿੰਘ ਆਹਲੂਵਾਲੀਏ ਦੇ ਨਾਉਂ ਦਾ ਸਿੱਕਾ ਜਾਰੀ ਕੀਤਾ ਗਿਆ। ਇਹ ਅਹਿਮਦ ਸ਼ਾਹ ਅਬਦਾਲੀ ਨੂੰ ਚੈਲਿੰਜ ਸੀ। ਇਸ



www.AKJ.Org

ਤੋਂ ਚਿੜ ਕੇ ਅਬਦਾਲੀ ਨੇ ੫ ਫ਼ਰਵਰੀ ੧੭੬੨ ਨੂੰ ਕੁਪ ਹਰੀੜੇ (ਮਲੇਰ ਕੋਟਲੇ) ਦੇ ਨੇੜੇ ਖ਼ਾਲਸੇ ਦੇ ਸਮੂਹ ਦਲਾਂ ਨੂੰ ਦੁਰਾਨੀ ਫ਼ੌਜਾਂ ਅਤੇ ਭਾਰੀ ਮੁਲਖਈਏ ਨੂੰ ਚੜ੍ਹਾ ਕੇ ਸਾਰੇ ਪਾਸਿਆਂ ਤੋਂ ਘੇਰ ਲਿਆ। ਖ਼ਾਲਸਾ ਆਪਣੇ ਪਰਵਾਰਾਂ, ਬੁੱਢਿਆਂ ਬੱਚਿਆਂ, ਬੀਮਾਰਾਂ ਜ਼ਖਮੀਆਂ ਅਤੇ ਸਾਰੇ ਵਹੀਰ ਦੀ ਕਿਲ੍ਹੇ ਵਾਂਗ ਰਖਵਾਲੀ ਕਰਦਾ ਪਿਛੇ ਹਟਦਾ ਗਿਆ ਅਤੇ ਚਵ੍ਹਾਂ ਪਾਸਿਓਂ ਤੋਂ ਦੁਸ਼ਮਣਾਂ ਨਾਲ ਤਕੜਾ ਲੋਹਾ ਲੈਂਦਾ ਹੋਇਆ ਉਨ੍ਹਾਂ ਦੇ ਦੰਦ ਖੱਟੇ ਕਰਦਾ ਗਿਆ। ਇਸ ਵੱਡੇ ਘਲੂਘਾਰੇ ਵਿਚ ਸਿੰਘ ਇਕੋ ਦਿਨ ਵਿਚ ੩੦ ਹਜ਼ਾਰ ਦੇ ਕਰੀਬ ਸ਼ਹੀਦੀਆਂ ਪਾ ਗਏ, ਪਰ ਅਬਦਾਲੀ ਤੇ ਉਸ ਦਿਆਂ ਜਰਨੈਲਾਂ ਨੂੰ ਐਸਾ ਘਰਕਾਇਆ ਕਿ ਉਹ ਕੁਤਬੇ ਬਾਹਮਣੀਆਂ ਤੋਂ ਹਾਰ ਹੁਟ ਕੇ ਪਿਛੇ ਮੁੜ ਗਏ।

ਅਬਦਾਲੀ ਇਸ ਘਲੂਘਾਰੇ ਪਿਛੋਂ ਵਾਪਸ ਜਾਂਦਾ ਹੋਇਆ ਸ੍ਰੀ ਦਰਬਾਰ ਸਾਹਿਬ ਨੂੰ ਬਰੂਦ ਨਾਲ ਉਡਾ ਗਿਆ। ਇਸ ਸਾਲ ਵਿਸਾਖੀ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਖੰਡਰਾਂ ਉਤੇ ਮਨਾਈ।

(੩੪) ਇਸੇ ਵਿਸਾਖੀ ਉਤੇ ਬਚੇ ਖੁਚੇ, ਜੁੜੇ ਸਿੰਘਾਂ ਨੂੰ ਖ਼ਬਰ ਮਿਲੀ ਕਿ ਕਸੂਰ ਦੇ ਨਵਾਬਾਂ ਨੇ ਬ੍ਰਾਹਮਣਾਂ ਦੀਆਂ ਜ਼ਨਾਨੀਆਂ ਚੁਕ ਖੜੀਆਂ ਹਨ। ਵਿਚਾਰਾਂ ਹੋਣ ਲਗੀਆਂ ਕਿ ਕਸੂਰ ਉਤੇ ਹਲਾ ਬੋਲਣ ਲਈ ਕੁਝ ਇਕ ਹੋਰ ਸਿੰਘਾਂ ਦੀ ਉਡੀਕ ਕਰ ਲਈ ਜਾਏ, ਪਰ ਸ: ਹਰੀ ਸਿੰਘ ਭੰਗੀ ਨੇ ਵੰਗਾਰ ਪਾਈ– "ਤੁਮ ਚਲੋ, ਕਊ ਨਾ ਚਲੈ, ਹਮ ਤੋ ਚਲੀ ਜਰੂਰ ਹੈ"–ਸਿੱਟੇ ਵਜੋਂ ਉਸੇ ਵੇਲੇ ਕਸੂਰ ਵਲ ਧਾਈ ਕਰ ਦਿਤੀ ਤੇ ਹਲਾ ਬੋਲ ਦਿਤਾ। ਕਸੂਰ ਫ਼ਤਹ ਹੋ ਗਿਆ। ਬ੍ਰਾਹਮਣਾਂ ਦੀਆਂ ਇਸਤ੍ਰੀਆਂ ਨੂੰ ਆਜ਼ਾਦ ਕਰਾ ਕੇ ਵਾਰਸਾਂ ਦੇ ਹਵਾਲੇ ਕੀਤਾ।

(ਜੌਹਰ ਖ਼ਾਲਸਾ–੧੯੬-੧੯੨

੧੭੬੪ ਦੀ ਜਨਵਰੀ ਵਿਚ ਖ਼ਾਲਸਾ ਜੀ ਨੇ ਸਰਹੰਦ ਵੀ ਫ਼ਤਹ ਕਰ ਲਈ।

(੩੫) ੧੪ ਅਪ੍ਰੈਲ ੧੭੬੫ ਨੂੰ ਫਿਰ ਲਾਹੌਰ ਉਤੇ ਹਲਾ ਕਰਨ ਦਾ ਮਤਾ ਹੋਇਆ ਤੇ ਨਾਲ ਹੀ ਭਾਰਤ ਤੋਂ ਖੁਸੇ ਇਲਾਕੇ ਨੂੰ ਮਾਰ ਲੈਣ ਦੀ ਮੁੜ ਪ੍ਰਤਗਿਆ ਕੀਤੀ ਗਈ। ੧੬ ਅਪ੍ਰੈਲ ਨੂੰ ਲਾਹੌਰ ਉਤੇ ਹਲਾ ਕਰ ਕੇ ਲਾਹੌਰ ਮਾਰ ਲਿਆ ਤੇ ਨਾਲ ਹੀ ਜਲੰਧਰ ਦੁਆਬਾ, ਤੇ ਮਲੇਰ ਕੋਟਲਾ ਆਦਿ ਭਾਰਤ ਤੋਂ ਟੁਟ ਚੁਕੇ ਇਲਾਕੇ ਜਿਤ ਕੇ ਭਾਰਤ ਨੂੰ ਤੁਹਫੇ ਵਜੋਂ ਲਿਆ ਦਿਤੇ। ਸਰਹੰਦ ਤੇ ਕਸੂਰ ਪਹਿਲਾਂ ਹੀ ਜਿਤੇ ਹੋਏ ਸਨ।

(੩੬) ੧੭੧੮ ਦੀ ਵਿਸਾਖੀ ਉਤੇ ਖਾਲਸਾ ਜੀ ਪਾਸ ਲੋਹਾਰੀ ਦੇ ਇਕ ਬ੍ਰਾਹਮਣ ਨੇ ਫ਼ਰਿਆਦ ਕੀਤੀ ਕਿ ਉਥੇ ਦੇ ਹਾਕਮ ਨੇ ਉਸ ਦੀ ਪੁਤ੍ਰੀ ਨੂੰ ਘਰ ਪਾ ਲਿਆ ਹੈ। ਸਿੰਘਾਂ ਨੇ ਬ੍ਰਾਹਮਣ-ਪੁਤ੍ਰੀ ਨੂੰ ਛੁੜਵਾਣ ਦਾ ਮਤਾ ਕੀਤਾ ਤੇ ਅੰਬਾਲਾ, ਸਹਾਰਨ ਪੁਰ, ਮੁਜ਼ੱਫਰ ਨਗਰ ਆਦਿ ਨੂੰ ਸਰ ਕਰਦੇ ਹੋਏ ਜਲਾਲਾਬਾਦ ਲੁਹਾਰੀ ਜਾ ਪੁਜੇ। ਉਥੇ ਦੇ ਸਯਦ ਨੂੰ ਕੈਦ ਕੀਤਾ ਤੇ ਬ੍ਰਾਹਮਣ ਨੂੰ ਉਸ ਦੀ ਲੜਕੀ ਦੁਆ ਦਿਤੀ। ਵਾਪਸੀ ਉਤੇ ਮੇਰਠ, ਬਿਜਨੌਰ, ਸੰਬਲ, ਮੁਰਾਦਾਬਾਦ, ਚੰਦੌਸੀ, ਕਾਸਗੰਜ, ਅਲੀਗੜ੍ਹ, ਖੁਰਜਾ, ਕਰਨਾਲ, ਪਾਨੀਪਤ ਤੋਂ ਖਰਾਜ ਵਸੂਲ ਕਰਦੇ ਹੋਏ ਪੰਜਾਬ ਵਾਪਸ ਆ ਪੁਜੇ ਤੇ ਸੁਰ ਸਿੰਘ ਦੇ ਭਾਈ ਦੇਸ ਰਾਜ ਦੀ ਨਿਗਰਾਨੀ ਵਿਚ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਤੇ ਸਰੋਵਰ ਸਾਹਿਬ ਦੀ ਸੇਵਾ ਅਰੰਭ ਦਿਤੀ। ਇਹ ਸੇਵਾ ੧੮੨੭ ਬਿਕਰਮੀ (੧੭੭੦ ਈ:) ਦੀ ਵਿਸਾਖੀ ਨੂੰ ਅਰੰਭ ਹੋਈ।

(੩੭) ੧੭੭੭ ਦੀ ਵਿਸਾਖੀ ਵਾਲੇ ਦਿਨ ਜ਼ਾਬਤਾ ਖ਼ਾਨ ਰੁਹੇਲਾ ਤੇ ਉਸ ਦਾ ਪੁੱਤਰ ਗੁਲਾਮ ਕਾਦਰ, ਸਿੰਘ ਸਜੇ। ਇਹਨਾਂ ਬਾਰੇ ਇਹ ਪ੍ਰਸਿਧ ਹੋਇਆ–"ਗੁਰੂ ਜੀ ਕੇ ਐਸੇ ਚੇਲੇ–ਅਧੇ ਸਿਖ ਅਧੇ ਰੁਹੇਲੇ"।

(੩੮) ੧੭੯੯ ਦੀ ਵਿਸਾਖੀ ਵਾਲੇ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਨੂੰ ਮੁੜ ਫਤਹ ਕਰ ਲਿਆ ਤੇ ਖਾਲਸਾ ਰਾਜ ਵਿਚ ਸ਼ਾਮਲ ਕਰ ਲਿਆ।

(੩੯) ੧੮੦੧ ਦੀ ਵਿਸਾਖੀ ਵਾਲੇ ਦਿਨ ਲਾਹੌਰ ਵਿਚ ਸ਼ਾਹੀ ਦਰਬਾਰ ਹੋਇਆ ਤੇ ਬਾਬਾ



www.AKJ.Org

ਸਾਹਿਬ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਤਿਲਕ ਦਿਤਾ। ਇਸੇ ਦਿਨ ਹੀ ਮਹਾਰਾਜਾ ਸਾਹਿਬ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਜਾਰੀ ਕੀਤਾ । ਇਸ ਨੂੰ ਨਾਨਕਸ਼ਾਹੀ ਸਿੱਕਾ ਕਿਹਾ ਜਾਂਦਾ ਹੈ।

(੪੦)੧੮੦੯ ਦੀ ਵਿਸਾਖੀ ਦੇ ੧੩ ਦਿਨ ਪਿਛੋਂ ੨੫ ਅਪ੍ਰੈਲ ੧੮੦੯ ਨੂੰ ਸ਼ੇਰੇ ਪੰਜਾਬ ਅਤੇ ਅੰਗਰੇਜ਼ਾਂ (ਜਿਹੜੇ ਕਿ ਬਾਕੀ ਦੇ ਸਾਰੇ ਭਾਰਤ ਉਤੇ ਕਾਬਜ਼ ਹੋ ਚੁਕੇ ਸਨ) ਵਿਚ ਇਕ ਸੰਧੀ ਹੋਈ, ਜਿਸ ਮੁਤਾਬਕ ਸਿਖ ਰਾਜ ਦੀ ਹਦ ਸਤਲੁਜ ਨਿਸਚਿਤ ਹੋਈ। ਸਿਖ ਰਿਆਸਤਾਂ ਪਟਿਆਲਾ, ਨਾਭਾ,ਜੀਂਦ ਤੇ ਕੈਂਥਲ ਅੰਗਰੇਜ਼ੀ ਰਾਜ ਵਿਚ ਮੰਨੀਆਂ ਗਈਆਂ।

(੪੧) ੧੮੧੬ ਦੀ ਵਿਸਾਖੀ ਵਾਲੇ ਦਿਨ ਮਹਾਰਾਜਾ ਖੜਕ ਸਿੰਘ ਨੂੰ ਯੁਵਰਾਜ ਘੋਸ਼ਤ ਕੀਤਾ ਗਿਆ।

(੪੨) ੧੮੨੮ ਦੀ ਵਿਸਾਖੀ ਵਾਲੇ ਦਿਨ ਰਾਜਾ ਧਿਆਨ ਸਿੰਘ ਨੂੰ ਰਾਜਾਏ-ਰਾਜਗੀ ਦਾ ਖ਼ਿਤਾਬ ਦਿਤਾ ਗਿਆ । ਇਸੇ "ਰਾਜਾਏ-ਰਾਜਗੀ" ਨੇ ਹੀ ਸ਼ੇਰੇ ਪੰਜਾਬ ਤੋਂ ਪਿਛੋਂ ਕੇਵਲ ੯ ਸਾਲਾਂ ਵਿਚ ਹੀ ਸਿਖ ਰਾਜ ਦਾ ਅੰਤ ਕਰ ਦਿਤਾ ਤੇ ੨੯ ਮਾਰਚ ੧੮੪੯ ਨੂੰ ਇਸੇ ਰਾਜਾ ਧਿਆਨ ਸਿੰਘ ਦੀਆਂ ਗ਼ਦਾਰੀਆਂ ਕਾਰਨ ਲਾਹੌਰ ਦੇ ਕਿਲ੍ਹੇ ਤੋਂ ਖਾਲਸਈ ਪ੍ਰਚਮ ਉਤਾਰ ਕੇ ਯੂਨੀਅਨ ਜੈਕ ਲਹਿਰਾ ਦਿਤਾ ਗਿਆ।

(੪੩) ੧੮੫੭ (ਬਿਕਰਮੀ ੧੯੧੪) ਦੀ ਵਿਸਾਖੀ ਵਾਲੇ ਦਿਨ ਬਾਬਾ ਰਾਮ ਸਿੰਘ ਜੀ ਨਾਮਧਾਰੀ ਨੇ ਸਿਖ ਧਰਮ ਅੰਦਰ ਆ ਗਈਆਂ ਕਮਜ਼ੋਰੀਆਂ ਨੂੰ ਅਨਭਵ ਕਰਦਿਆਂ ਸੁਧਾਰ-ਲਹਿਰ ਚਲਾਈ ਅਤੇ ਇਸ ਲਹਿਰ ਦਾ ਉਦਘਾਟਨ ਪੰਜ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਕੀਤਾ।

(੪੪) ੧੮੬੦ ਦੀ ਵਿਸਾਖੀ ਉਤੇ ਬਾਬਾ ਜੀ ਸ੍ਰੀ ਅੰਮ੍ਰਿਤਸਰ ਜੀ ਪੁਜੇ, ਪਰ ਚੂੰਕਿ ਉਹ ਦੇਸ਼ ਸੁਤੰਤਰਤਾ ਲਹਿਰ ਦੇ ਨੇਤਾ ਸਨ, ਇਸ ਕਰਕੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੇ, ਜਿਹੜੇ ਅੰਗਰੇਜ਼ ਦੇ ਪ੍ਰਵਰਦਾ ਸਨ, ਬਾਬਾ ਜੀ ਦੀ ਅਰਦਾਸ ਨਾ ਕੀਤੀ । ਇਸ ਤੋਂ ਤਕਰੀਬਨ ੨੩੬ ਸਾਲ ਪਹਿਲਾਂ ਵੀ ੧੬੨੪ ਈ: (ਸੰਮਤ ੧੬੭੧) ਵਿਚ ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਨ ਤਾਂ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਬੂਹੇ ਬੰਦ ਕਰ ਦਿਤੇ ਸਨ ਤੇ ਉਹਨਾਂ ਨੂੰ ਦਰਸ਼ਨ ਨਹੀਂ ਸਨ ਕਰਨ ਦਿਤੇ।

(੪੫) ੧੮੫੪ ਦੇ ਵਿਸਾਖ ਮਹੀਨੇ (ਅਪ੍ਰੈਲ ਦੇ ਅੰਤ ਵਿਚ) ਹੀ ਮਹਾਰਾਜਾ ਦਲੀਪ ਸਿੰਘ ਨੂੰ ਦੇਸ਼ ਨਿਕਾਲਾ ਦਿਤਾ ਗਿਆ ਤੇ ਅੰਗ੍ਰੇਜ਼ ਨੇ ਚਲਾਕੀ ਤੇ ਸ਼ਾਤਰਾਨਾ ਚਾਲਾਂ ਨਾਲ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ।

(੪੬) ੧੮੯੨ ਦੀ ਵਿਸਾਖੀ ਵਾਲੇ ਦਿਨ ਖਾਲਸਾ ਕਾਲਜ ਕੌਂਸਲ, ਅੰਮ੍ਰਿਤਸਰ ਵਿਚ ਬਣੀ ਤੇ ਅਗਲੇ ਦਿਨ ੧੪ ਅਪ੍ਰੈਲ ਨੂੰ ਇਸ ਦੀ ਬਾਕਾਇਦਾ ਤੌਰ ਤੇ ਸਥਾਪਨਾ ਕਰ ਦਿਤੀ ਗਈ।

(੪੭) ੧੯੦੪ ਦੀ ਵਿਸਾਖੀ ਵਾਲੇ ਦਿਨ ਮਹਾਰਾਜਾ ਹੀਰਾ ਸਿੰਘ ਵਾਲੀਏ ਨਾਭਾ, ਖਾਲਸਾ ਕਾਲਜ ਅੰਮ੍ਰਿਤਸਰ ਲਈ ਝੋਲੀ ਅੱਡ ਕੇ ਮੰਗਤਾ ਬਣ ਖਲੋਤਾ।

(੪੮) ੧੯੦੬ ਦੀ ਵਿਸਾਖੀ ਵਾਲੇ ਦਿਨ ੧੪ ਅਪ੍ਰੈਲ ੧੯੦੬ ਨੂੰ ਪੰਚ ਖਾਲਸਾ ਦੀਵਾਨ ਦੀ ਨੀਂਹ ਰਖੀ ਗਈ।

(੪੯) ੧੯੧੯ ਦੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿਚ ਖ਼ੂਨੀ ਘਟਨਾ ਹੋਈ, ਜਿਸ ਵਿਚ ੧੩੦੦ ਤੋਂ ਵੱਧ ਦੇਸ਼-ਭਗਤ ਸ਼ਹੀਦ ਹੋਏ । ਇਸ ਤੋਂ ਪ੍ਰੇਰਤ ਹੋ ਕੇ ਅੰਮ੍ਰਿਤਸਰ ਵਿਚ ਇਸੇ ਸਾਲ ਹੀ ਸੈਂਟਰਲ ਖਾਲਸਾ ਲੀਗ ਦੀ ਸਥਾਪਨਾ ਹੋਈ, ਜਿਸ ਦੇ ਪਹਿਲੇ ਇਜਲਾਸ ਦਸੰਬਰ ੧੯੧੯ ਵਿਚ, ਅੰਗ੍ਰੇਜ਼ ਦੀ ਹਜ਼ਾਰ ਕੋਸ਼ਸ਼ ਦੇ ਬਾਵਜੂਦ ਵੀ, ਦੇਸ਼ ਸੁਤੰਤਰਤਾ ਦਾ ਮਤਾ ਪਾਸ ਹੋ ਗਿਆ। ਜਿਸ ਦਾ ਬਦਲਾ ਲੈਣ ਲਈ ਅੰਗ੍ਰੇਜ਼ ਦੀ ਚਾਲ ਦੇ ਫਲ-ਸਰੂਪ ਹੀ ਗੁਰਦੁਆਰਾ ਸੁਧਾਰ ਲਹਿਰ ਵਿਚ ਸਿੰਘਾਂ ਨੂੰ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ।



www.AKJ.Org

(੫੦) ੧੯੨੪ ਦੀ ਵਿਸਾਖੀ ਵਾਲੇ ਦਿਨ ੫੦੦ ਸਿੰਘਾਂ ਦਾ ਜੱਥਾ ਜੈਤੋ ਦੇ ਮੋਰਚੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਿਆ ਅਤੇ ਗੋਲੀਆਂ ਦਾ ਨਿਸ਼ਾਨਾ ਬਣਿਆ।

(੫੧) ੧੯੩੬ ਦੀ ਵਿਸਾਖੀ ਵਾਲੇ ਦਿਨ ਸਰਬ ਹਿੰਦ ਸਿਖ ਮਿਸ਼ਨ ਦੀ ਸਥਾਪਨਾ ਕੀਤੀ ਗਈ।

੧੯੩੭ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਵੇਰ ਦੇਸ਼ ਦੀਆਂ ਚੋਣਾਂ ਲੜੀਆਂ।

(੫੨) ੧੯੩੮ ਵਿਸਾਖੀ ਵਾਲੇ ਦਿਨ ਲਾਹੌਰ ਨੈਸ਼ਨਲ ਕਾਲਜ ਦੀ ਨੀਂਹ ਰਖੀ ਗਈ।

(੫੩) ੧੯੪੧ ਦੀ ਵਿਸਾਖੀ ਵਾਲੇ ਦਿਨ ਸਿਖ ਰੈਜਮੈਂਟ ਦੇ ਸਿਰਲਥ ਸੂਰਮਿਆਂ ਨੇ ਫ਼ੋਰਟ ਵਿਲੀਅਮ ਕਲਕਤਾ ਤੋਂ ਯੂਨੀਅਨ ਜੈਕ ਲਾਹ ਕੇ ਕਾਂਗ੍ਰਸ ਦਾ ਤਿਰੰਗਾ ਝੰਡਾ ਲਹਿਰਾ ਕੇ ਅਮਲੀ ਤੌਰ ਤੇ ਭਾਰਤ ਦੀ ਸੁਤੰਤਰਤਾ ਦਾ ਐਲਾਨ ਕਰ ਦਿਤਾ।

ਇਸ ਤਰ੍ਹਾਂ ਇਤਿਹਾਸ ਦਾ ਸਰਵੇਖਣ ਕੀਤਿਆਂ ਵਿਸਾਖੀ, ਸਿਖ ਇਤਿਹਾਸ ਦਾ ਇਕ ਅਨਿਖੜਵਾਂ ਅੰਗ ਦਿਸ ਆਉਂਦਾ ਹੈ।

ਸ੍ਰੀ ਗੁਰੂ ਨਾਨਕ ਪਾਤਿਸ਼ਾਹ ਦਾ ਜਨਮ-ਦਿਨ ਹੋਣ ਕਰਕੇ ਇਹ ਸਿਖਾਂ ਦਾ ਕ੍ਰਿਸਮਿਸ ਹੈ। ਪੰਜਾਂ ਪਿਆ-ਰਿਆਂ ਨੂੰ ਨਵ-ਜੀਵਨ ਮਿਲਣ ਕਰਕੇ ਇਹ ਸਾਡਾ ਪੁਨਰ-ਜੀਵਨ ਦਿਵਸ ਹੈ। ਖਾਲਸਾ ਸੰਮਤ ਦਾ ਅਰੰਭ ਹੋਣ ਕਰਕੇ ਇਹ ਸਿੰਘਾਂ ਦਾ ਨੌਰੋਜ਼ ਹੈ। ਅਤੇ ਜਲ੍ਹਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਕਾਰਨ ਇਹ ਭਾਰਤ-ਵਾਸੀਆਂ ਦਾ ਮਹਾਨ ਯਾਦਗਾਰੀ ਦਿਵਸ ਹੈ।

ਵਿਸਾਖੀ ਸਿੰਘਾਂ ਦਾ ਪ੍ਰਤਗਿਆ ਦਿਵਸ ਹੈ। ਇਸ ਦਿਨ ਸਿੰਘਾਂ ਨੂੰ ਨਵ ਉਤਸ਼ਾਹ, ਨਵ ਉਮਾਹ, ਨਵ ਪ੍ਰੇਰਨਾ, ਉਤੇਜਨਾ, ਸਾਹਸ, ਆਤਮਿਕ ਤ੍ਰਾਣ ਅਤੇ ਚੜ੍ਹਦੀ ਕਲਾ ਪ੍ਰਾਪਤ ਹੁੰਦੀ ਹੈ।

ਵਿਸਾਖੀ ਦੇ ਦਿਨ ਸਿੰਘਾਂ ਨੂੰ ਹਰ ਸਾਲ ਦੀ ਪੰਥਕ ਉੱਨਤੀ ਅਥਵਾ ਹੋਰ ਗਤ-ਵਿਧੀਆਂ ਦਾ ਲੇਖਾ ਜੋਖਾ ਕਰਨਾ ਅਤੀ ਜ਼ਰੂਰੀ ਹੈ।

ਪਿਛਲੇ ਪੰਜਾਹ ਸਾਲਾਂ ਦੀ ਬੈਲੈਂਸ ਸ਼ੀਟ ਉਤੇ ਜੇ ਨਜ਼ਰ ਮਾਰੀ ਜਾਏ ਤਾਂ ਸਿੱਟਾ ਇਸ ਪ੍ਰਕਾਰ ਦਿਸ ਆਉਂਦਾ ਹੈ—

ਗੁਰਦੁਆਰਾ ਐਕਟ ਅੰਗ੍ਰੇਜ਼ ਦੀ ਇਕ ਚਾਲ ਸੀ, ਜਿਹੜੀ ਕਿ ਸਿਖ ਪੰਥ ਨੂੰ ਕਮਜ਼ੋਰ ਕਰਨ ਤੇ ਉਸ ਵਿਚ ਫੁਟ ਪਾਣ ਲਈ ਅੰਗ੍ਰੇਜ਼ ਦੀ ਚਾਲਾਕੀ ਨਾਲ ਸਿਖ ਪੰਥ ਦੇ ਉਸੇ ਵੇਲੇ ਦੇ ਲੀਡਰਾਂ ਰਾਹੀਂ ਬਣਵਾ ਕੇ ਸਿਖ ਪੰਥ ਦੇ ਵਿਹੜੇ ਵਿਚ ਇਕ ਸੇਹੇ ਦਾ ਤਕਲਾ ਗੱਡ ਦਿਤਾ ਸੀ। ਇਸੇ ਗੁਰਦੁਆਰਾ ਐਕਟ ਦਾ ਹੀ ਸਿੱਟਾ ਹੈ ਕਿ ਅਜ ਪੰਥ ਵਿਚ ਇਤਨੀਆਂ ਸਾਰੀਆਂ ਕਮਜ਼ੋਰੀਆਂ, ਪਤਿਤ ਪੁਣਾ, ਫੁਟ, ਢਹਿੰਦੀਆਂ ਕਲਾਂ ਤੇ ਸਿਖੀ ਤੋਂ ਸ਼ਰਧਾ ਦੀ ਘਾਟ, ਸਿਖਾਂ ਵਿਚ ਚੌਧਰ ਦੀ ਭੁਖ, ਗੁਰਦੁਆਰਿਆਂ ਦੀਆਂ ਗੋਲਕਾਂ ਉਤੇ ਕਬਜ਼ੇ ਦੀ ਹਵਸ, ਆਦਿ ਬੀਮਾਰੀਆਂ ਦੇ ਕੀਟਾਣੂ ਹਦੋਂ ਵਧ ਫੈਲੇ ਨਜ਼ਰ ਆ ਰਹੇ ਹਨ।

ਅਜ ਪੰਜਾਬ-ਗੁਰਦੁਆਰਾ-ਐਕਟ ਨੂੰ ਬਣੇ ੫੨ ਸਾਲ ਹੋ ਗਏ ਹਨ ਤੇ ਉਸ ਦੇ ਸਿੱਟੇ ਸਭ ਦੇ ਸਾਹਮਣੇ ਹਨ। ਜਦੋਂ ਇਹ ਐਕਟ ਨਹੀਂ ਸੀ ਬਣਿਆ ਤਾਂ ਹਰ ਹਿੰਦੂ ਘਰ (ਖ਼ਾਸ ਕਰਕੇ ਪੰਜਾਬ, ਸਿੰਧ ਤੇ ਸੂਬਾ ਸਰਹਦ) ਵਿਚ ਇਕ ਜਾਂ ਦੋ ਨੌਜੁਆਨ ਜ਼ਰੂਰ ਸਿੱਖ ਹੁੰਦੇ ਸਨ, ਅਜ ਗੁਰਦੁਆਰਾ ਐਕਟ ਦੀ ਛਤਰ ਛਾਇਆ ਹੇਠ ਹੋਏ ਪ੍ਰਚਾਰ ਦਾ ਸਿੱਟਾ ਇਹ ਹੈ ਕਿ ਹਿੰਦੂ ਨੌਜੁਆਨਾਂ ਦਾ ਸਿਖ ਹੋਣਾ ਤਾਂ ਇਕ ਪਾਸੇ ਰਿਹਾ, ਅਜ ਸ਼ਾਇਦ ਹੀ ਕੋਈ ਭਾਗੋ ਭਰਿਆ ਤੇ ਵਡਭਾਗੀ ਸਿਖ ਘਰਾਣਾ ਹੀ ਅਜਿਹਾ ਬਚ ਰਿਹਾ ਹੋਵੇਗਾ ਜਿਸ ਦੇ ਇਕ ਜਾਂ ਦੋ ਮੁੰਡੇ ਪਤਿਤ ਨਾ ਹੋ ਗਏ ਹੋਣ।

ਪੰਥ ਦੀ ਕੇਂਦਰਤ ਲੀਡਰ-ਸ਼ਿਪ ਵਿਚ ਅਜਿਹੇ ਸਜਣ ਮੌਜੂਦ ਹਨ, ਜਿਨ੍ਹਾਂ ਦੇ ਬੱਚੇ ਪਤਿਤ ਹਨ।

ਹੁਣ ਸਰਬ ਹਿੰਦ ਗੁਰਦੁਆਰਾ ਐਕਟ ਸਾਹਮਣੇ ਆ ਰਿਹਾ ਹੈ। ਲੋੜ ਹੈ ਕਿ ਉਸ ਦੀ ਰੂਪ-ਰੇਖਾ ਐਸੀ ਸੰਵਾਰੀ ਜਾਵੇ ਜਿਸ ਨਾਲ ਗੁਰਦੁਆਰਾ ਪਰਬੰਧ ਵਿਚ ਆ ਚੁਕੀਆਂ ਬੁਰਿਆਈਆਂ ਤੋਂ ਛੁਟਕਾਰਾ ਮਿਲ ਸਕੇ ਅਤੇ ਪੰਥ ਮੁੜ ਗੁਰਮਤਿ ਮਾਰਗ ਤੇ ਚਲ ਕੇ ਚੜ੍ਹਦੀਆਂ ਕਲਾਂ ਵਿਚ ਵਿਚਰੇ।

— o —



www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੫)

[ਵਲੋਂ—ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

ਤਾਕਤ ਦਾ ਨਸ਼ਾ ਬੜਾ ਪਰਬਲ ਹੁੰਦਾ ਹੈ। ਤੇ ਉਹ ਤਾਕਤ, ਜਿਸ ਦਾ ਕੋਈ ਹੱਦ-ਬੰਨਾ ਈ ਨਾ ਹੋਵੇ। ਤਾਂ ਫਿਰ ਉਸ ਤੋਂ ਉਪਜਣ ਵਾਲੇ ਨਸ਼ੇ ਦਾ ਹੱਦ-ਬੰਨਾ ਕੌਣ ਲਭ ਸਕਦੈ। ਬਸ ਇਹ ਸੀ ਨਸ਼ਾ ਜਿਸ ਨੇ ਅਬਦਾਲੀ ਦੀ ਨਿਗਰ ਸੋਚ-ਸ਼ਕਤੀ ਨੂੰ ਧੁੰਦਲਾ ਦਿਤਾ ਸੀ ਅਤੇ ਮਨ ਵਿਚ ਇਸ ਭਰਮ ਦੀ ਜਕੜ ਪੱਕੀ ਕਰ ਦਿਤੀ ਸੀ ਕਿ ਦੁਨੀਆ ਦੀ ਕੋਈ ਤਾਕਤ ਉਸ ਅਗੇ ਅੜ ਨਹੀਂ ਸਕਦੀ। ਇਸ ਭਰਮ ਵਿਚ ਝੂਮਦੇ ਨੇ ਕੁਪ-ਰਹੀੜੇ ਲਾਗੇ ਸਿੰਘਾਂ ਤੇ, ਜਿਨ੍ਹਾਂ ਨੂੰ ਪਹਿਲਾਂ ਹੀ ਦੋਹਾਂ ਪਾਸਿਆਂ ਤੋਂ ਚੰਗਾ ਘੇਰਿਆ ਹੋਇਆ ਸੀ, ਹੱਲਾ ਬੋਲਿਆ ਸੀ, ਕਿ ਸਿੰਘਾਂ ਵਿਚ ਉਸ ਦਾ ਨਾਂ ਸੁਣ ਕੇ ਹੀ ਅਫੜਾ ਤਫੜੀ ਮੱਚ ਜਾਵੇਗੀ। ਕਿਸ ਨੇ ਅੜਨਾ ਤੇ ਖਲੋ ਕੇ ਲੜਨਾ ਹੈ, ਜਦ ਕਿ ਪਾਸੇ ਪਹਿਲਾਂ ਹੀ ਰੋਕੇ ਹਨ। ਬੱਸ ਪੈਂਦਿਆਂ ਸਾਰ ਹੀ ਉਹ ਗਭੇ ਵਾਢ ਸ਼ੁਰੂ ਕਰ ਦੇਵੇਗਾ ਤੇ ਇਕ ਜੀਅ ਵੀ ਜੀਊਂਦਾ ਨਿਕਲਣ ਨਹੀਂ ਦੇਵੇਗਾ। ਨਿੱਤ ਦਾ ਰੇੜਕਾ, ਅੱਲਾ ਦੇ ਫ਼ਜ਼ਲ ਨਾਲ, ਅਧੇ ਪਹਿਰ ਵਿਚ ਮੁਕਾ ਦੇਵਾਂਗਾ ਤੇ ਸ਼ਾਮ ਨੂੰ ਇਸ ਲਾਸਾਨੀ ਜਿੱਤ ਵਜੋਂ ਮਲੇਰ ਕੋਟਲੇ ਜਸ਼ਨ ਮਨਾਇਆ ਜਾਵੇਗਾ। ਏਸੇ ਵਹਿਮ ਤੇ ਰੋਹ ਵਿਚ ਖ਼ਾਲਸਾ ਜੀ ਉਤੇ ਵਰ੍ਹਿਆ। ਹਿੰਦੁਸਤਾਨੀ ਲਿਬਾਸ ਵਿਚ ਕੋਈ ਵੀ ਜੀਊਂਦਾ ਨਾ ਛਡਣ ਦੇ ਹੁਕਮ ਤਹਿਤ ਉਜ਼ਬਕਸਤਾਨ ਦੀਆਂ ਚਾਂਭਲ੍ਹੀਆਂ ਪਲਟਨਾਂ ਨੇ "ਅੱਲਾ ਹੂ ਅਕਬਰ" ਤੇ "ਯਾ ਅਲੀ" ਦੇ ਨਾਅ-ਰਿਆਂ ਨਾਲ ਆਪਣੇ ਵਲੋਂ ਬੜਾ ਭਿਆਨਕ ਧਾਵਾ ਕੀਤਾ, ਪਰ ਮਨ-ਭਾਉਂਦਾ ਸਿੱਟਾ ਨਾ ਨਿਕਲ ਸਕਿਆ। ਤਾਕਤ ਦੇ ਨਸ਼ੇ ਅਤੇ ਭਰਮ ਦਾ ਸ਼ੀਸ਼ਾ ਖ਼ਾਲਸਾ ਜੀ ਦੀ ਅਡੋਲਤਾ ਤੇ ਨਿਡਰਤਾ ਦੀ ਚਟਾਨ ਨਾਲ ਟਕਰਾ ਕੇ ਕਿਰਚੀ ਕਿਰਚੀ ਹੋ ਗਿਆ।

ਪੈ-ਦਰ-ਪੈ (ਲਗਾਤਾਰ) ਕਈ ਹੱਲੇ ਹੋਏ, ਪਰ ਖਾਲਸਾ ਜੀ ਦੇ ਫ਼ੌਲਾਦੀ ਕੁੰਡਲ ਨੇ ਦੁਰਾਨੀਆਂ ਦੀ ਕੋਈ ਪੇਸ਼ ਨਾ ਜਾਣ ਦਿਤੀ। ਭੀਖਣ ਖ਼ਾਂ, ਜੈਨ ਖ਼ਾਂ, ਲਛਮੀ ਨਾਰਾਇਣ ਤੇ ਦੁਰਾਨੀ ਜਦ ਕੋਈ ਪੂਰੀ ਨਾ ਪਾ ਸਕੇ ਤਾਂ ਅੱਠ ਹਜ਼ਾਰ ਨਾਲ ਸ਼ਾਹ ਵਲੀ ਖ਼ਾਂ ਨੂੰ ਅੱਗੇ ਕੀਤਾ। ਪਰ ਕੋਈ ਨਤੀਜਾ ਨਾ ਨਿਕਲਿਆ। ਫਿਰ ਜਹਾਨ ਖ਼ਾਂ ਨੂੰ ਉਸ ਦੀ ਫ਼ੌਜ ਸਮੇਤ ਨਾਲ ਹੀ ਝੋਕ ਦਿਤਾ। ਪਰ ਖਾਲਸਾ ਜੀ ਨੇ ਕੋਈ ਪੇਸ਼ ਨਾ ਜਾਣ ਦਿਤੀ। ਨਾਲੇ ਇਹ ਪਾਨੀਪੱਤ ਵਾਲੀਆਂ ਮਰਹੱਟਾ-ਨਰਦਾਂ ਨਹੀਂ ਸਨ ਕਿ ਰਹਿ-ਕਲਿਆਂ, ਜੰਬੂਰਿਆਂ ਦਿਆਂ ਧੜਾਕਿਆਂ ਨਾਲ ਤੇ "ਯਾ ਅਲੀ", "ਅੱਲਾ ਹੂ ਅਕਬਰ" ਦਿਆਂ ਨਾਅਰਿਆਂ ਨਾਲ ਐਵੇਂ ਹੀ ਭੁੰਆਟਣੀਆਂ ਖਾ ਕੇ ਡਿਗਦੀਆਂ ਫਿਰਦੀਆਂ। ਇਹਨਾਂ ਬੀਰ ਬਹਾਦਰਾਂ ਨੂੰ ਜਾਨ ਨਾਲੋਂ ਖ਼ਾਲਸਈ ਸ਼ਾਨ ਤੇ ਫ਼ਤਹ ਪਿਆਰੀ ਸੀ। ਇਹਨਾਂ ਨੂੰ ਬਹੁਤ ਹੀ ਵੱਖ ਕਿਸਮ ਦੀ ਮਿਟੀ ਲਗੀ ਹੋਈ ਸੀ। ਸ਼ੱਕ ਨਹੀਂ ਕਿ ਵਹੀਰ ਦੇ ਉਦਾਲੇ ਘਤਿਆ ਜੰਗੀ ਸਿੰਘਾਂ ਦਾ ਇਹ ਕੁੰਡਲ ਇੱਕ-ਸਾਰ ਮਜ਼ਬੂਤ ਨਹੀਂ ਸੀ। ਤੁਰਨਾ, ਸੰਭਲਣਾ, ਲੜਨਾ, ਵਹੀਰ ਨੂੰ ਬਚਾਉਣਾ, ਦੁਸ਼ਮਣ ਨੂੰ ਧੱਕ ਧੱਕ ਪਰ੍ਹਾਂ ਸੁਟਣਾ, ਕੋਈ ਬੱਚਿਆਂ ਦੀ ਖੇਡ ਨਹੀਂ ਸੀ। ਇਸ ਦੇ ਨਾਲ ਹੀ ਜਦ ਕਿ ਆਪਣੇ ਨਾਲੋਂ ਕਈ ਗੁਣਾਂ ਵਧ ਲਸ਼ਕਰ ਤਿੰਨੀਂ ਪਾਸੀਂ ਦੁਰਾਨੀਆਂ ਅਤੇ ਦੇਸੀ ਫੌਜਾਂ ਦੇ ਹੋਣ ਅਤੇ ਹੱਲੇ ਕਰਨ ਵਾਲੇ ਹੋਣ ਅਹਿਮਦ ਸ਼ਾਹ ਪਾਨੀਪਤ ਦਾ ਵਿਜੱਈ, ਸ਼ਾਹ ਵਲੀ ਖ਼ਾਂ ਅਤੇ ਹੰਢਿਆ ਚੰਡਿਆ ਜਰਨੈਲ ਜਹਾਨ ਖ਼ਾਂ। ਇਸ ਚਲਦੇ ਕਿਲ੍ਹੇ ਦੇ ਕਮਜ਼ੋਰ ਹਿਸਿਆਂ ਵਿਚ ਜਿਥੇ ਜਿਥੇ ਵੀ ਪਰਬੰਧ ਪੂਰਾ ਨਾ ਹੋ ਸਕਿਆ, ਦੁਸ਼ਮਣ ਘੁਸ ਕੇ ਵਹੀਰ ਦਾ ਨੁਕਸਾਨ ਕਰਦਾ ਰਿਹਾ। ਭਾਵੇਂ ਕੁੰਡਲ ਵਿਚ ਆਏ ਦੁਰਾਨੀ ਤੇ ਦੇਸੀ ਗ਼ਾਜ਼ੀ, ਸਿੰਘਾਂ ਨੇ ਰਾੜ੍ਹ ਰਾੜ੍ਹ ਧਰਤੀ ਤੇ ਵਿਛਾ ਸੁੱਟੇ, ਪਰ ਜੋ ਨੁਕਸਾਨ ਉਨ੍ਹਾਂ ਕਰ ਦਿਤਾ



www.AKJ.Org

ਸੀ ਉਸ ਦਾ ਕੀ ਇਲਾਜ ਸੀ ?

ਸਿੰਘ ਸਰਦਾਰ ਥਾਂ ਥਾਂ ਪੁਜ ਕੇ ਲੋੜੀਂਦੀ ਇਮਦਾਦ ਤੇ ਹੌਸਲਾ ਦੇ ਰਹੇ ਸਨ। ਮਾਰੇ ਉਹ ਜਾਂਦੇ ਸਨ ਜੋ ਵਹੀਰ ਨਾਲੋਂ ਪਿਛੇ ਰਹਿ ਜਾਂਦੇ ਸਨ। ਤੇ ਉਹ ਸਨ ਜ਼ਖ਼ਮੀ, ਬੀਮਾਰ, ਬੁੱਢੇ ਤੇ ਬੱਚੇ। ਪਰ ਫਿਰ ਵੀ ਕਿਸੇ ਪਾਸੇ ਕੋਈ ਨਿਰਾਸਤਾ, ਪ੍ਰੇਸ਼ਾਨੀ ਜਾਂ ਘਬਰਾਹਟ ਨਹੀਂ ਸੀ। ਵਹੀਰ ਅਡੋਲ ਤੁਰਿਆ ਜਾ ਰਿਹਾ ਸੀ।

## ਜੱਸਾ ਸਿੰਘ ਆਹਲੂਵਾਲੀਏ ਤੇ ਚੜ੍ਹਤ ਸਿੰਘ ਦਾ ਅਬਦਾਲੀ ਨੂੰ ਲੜਾਈ ਲਈ ਲਲਕਾਰਨਾ :—

ਜਦ ਅਬਦਾਲੀ ਦੇ ਛੇ ਹੱਲੇ ਬੁਰੀ ਤਰ੍ਹਾਂ ਸਿੰਘਾਂ ਵਲੋਂ ਪਛਾੜ ਦਿਤੇ ਗਏ ਤਾਂ ਸ: ਜੱਸਾ ਸਿੰਘ ਤੇ ਸ: ਚੜ੍ਹਤ ਸਿੰਘ ਤੋਂ ਨਾ ਰਿਹਾ ਗਿਆ। ਚੋਟੀ ਦੇ ਸਿਰਲਥ ਚਾਰ ਹਜ਼ਾਰ ਸਿੰਘ ਲੈ ਕੇ, ਦੁਰਾਨੀ ਦੇ ਲਸ਼ਕਰ ਨੂੰ, ਅਹਿਮਦ ਸ਼ਾਹ ਨਾਲ ਜੂਝਣ ਲਈ ਗਾਹਿਆ। ਦੋ ਵਾਰ ਤਾਂ ਉਸ ਤਕ ਨਾ ਅੱਪੜ ਸਕੇ, ਪਰ ਤੀਜੀ ਵਾਰ ਅਹਿਮਦ ਸ਼ਾਹ ਦੇ ਨੇੜੇ ਪੁਜ ਗਏ ਅਤੇ ਅਬਦਾਲੀ ਨੂੰ ਲਲਕਾਰ ਕੇ ਵੰਗਾਰਿਆ, "ਅਹਿਮਦ ਸ਼ਾਹ ! ਜੇ ਤੂੰ ਆਪਣੇ ਆਪ ਨੂੰ ਮਰਦ ਸਮਝਦੈਂ ਤਾਂ ਆ, ਜਿਵੇਂ ਚਾਹੁਨੈਂ, ਮੇਰੇ ਨਾਲ ਲੜ ਲੈ। ਤੇਰਾ ਮੇਰਾ ਜੰਗ ਹੋਵੇ ਤੇ ਖ਼ਲਕਤ ਵੇਖੇ। ਆ ਜ਼ਰਾ ਵੇਖ ਨਜ਼ਾਰੇ, ਕੀ ਲੈਣਾ ਬਿਗਾਨੇ ਪੁੱਤ ਮਰਵਾ ਕੇ।" ਸਿੰਘਾਂ ਨੇ ਬਹੁਤ ਵੰਗਾ-ਰਿਆ, ਪਰ ਨਾ ਤਾਂ ਅਹਿਮਦ ਸ਼ਾਹ ਤੇ ਨਾ ਹੀ ਕੋਈ ਹੋਰ ਅੱਗੇ ਵਧਿਆ।*

ਅਬਦਾਲੀ ਦਾ ਭਰਮ ਟੁਟ ਗਿਆ। ਉਸ ਦੇ ਹਲਿਆਂ ਨੇ ਮਨ-ਭਾਉਂਦੇ ਸਿੱਟੇ ਵੀ ਨਾ ਕੱਢੇ। ਇਸ ਲਲਕਾਰ ਨੇ ਉਸ ਦੀਆਂ ਅੱਖਾਂ ਖੋਲ੍ਹ ਦਿਤੀਆਂ ਕਿ ਜ਼ਿੰਦਗੀ ਮੌਤ ਵਿਚ ਕਿੰਨਾ ਥੋੜਾ ਫ਼ਰਕ ਹੈ। ਹੁਣ ਅੱਗੇ ਹੋ ਹੋ ਲੜਾਉਣ ਦੀ ਬਜਾਇ, ਪਿਛਾਂਹ ਹਟ ਕੇ ਕਾਫ਼ੀ ਸੁਰੱਖਿਅਤ ਥਾਂ ਤੋਂ ਲੜਾਈ ਨੂੰ ਸੇਧ ਦੇਣ ਲਗਾ। ਏਸ ਵੰਗਾਰ ਨੇ ਉਸ ਦੀ ਰੂਹ ਨੂੰ ਲਰਜ਼ਾ ਸੁੱਟਿਆ ਸੀ। ਦੁਰਾਨੀ ਤੇ ਦੇਸੀ ਸੋਚ ਰਹੇ ਸਨ ਕਿ ਯਾ ਖ਼ੁਦਾ, ਇਹ ਸਿਖ ਕਿਸ ਮਿਟੀ ਦੇ ਬਣੇ ਹੋਏ ਹਨ।

ਜਦ ਇਸ ਤਰ੍ਹਾਂ ਲੜਾਈ ਹੁੰਦੀ ਹੋਈ ਪਿੰਡ ਗਹਿਲ ਤਕ ਪੁਜ ਗਈ, ਅਬਦਾਲੀ ਕੁਝ ਬਣਦਾ ਨਾ ਵੇਖ ਕੇ ਲੜਾਈ ਦਾ ਚਾਰਜ ਜਹਾਨ ਖਾਂ ਨੂੰ ਦੇ ਕੇ ਆਪ ਮਲੇਰ ਕੋਟਲੇ ਵਲ ਨੂੰ ਮੁੜ ਗਿਆ।‡

ਕੁਤਬੇ ਬਾਹਮਣੀਆਂ ਤਕ ਜਹਾਨ ਖ਼ਾਂ ਨੇ ਵੀ ਬੜਾ ਜ਼ੋਰ ਮਾਰਿਆ। ਕੁਤਬੇ ਬਾਹਮਣੀਆਂ ਲਾਗੇ ਮੁਲਖਈਏ ਨੇ ਵਹੀਰ ਦਾ ਨੁਕਸਾਨ ਕੀਤਾ। ਏਥੇ ਫਿਰ ਕੁੰਡਲ ਦਿਆਂ ਕਮਜ਼ੋਰ ਹਿਸਿਆਂ ਵਿਚ ਦੀ ਲੰਘ ਕੇ ਵਹੀਰ ਦਾ ਦੁਰਾਨੀ ਫ਼ੌਜ ਨੇ ਨੁਕਸਾਨ ਕੀਤਾ। ਜਦ ਵਹੀਰ ਇਨ੍ਹਾਂ ਪਿੰਡਾਂ ਤੋਂ ਅੱਗੇ ਨਿਕਲਿਆ ਤਾਂ ਮੂੰਹ-ਰਖਿਆਂ ਆਣ ਕੇ ਖ਼ਬਰ ਦਿਤੀ ਕਿ ਅਠੂਰ ਵਾਲੇ ਪਾਸੇ ਕਰੀਬ ਹੀ ਪਾਣੀ ਦੀ ਤਕੜੀ ਢਾਬ ਹੈ। ਇਸ ਤੋਂ ਅਗੇ ਪਾਣੀ ਕੋਹਾਂ ਵਿਚ ਨਹੀਂ ਮਿਲਣਾ। ਜੋ ਏਥੋਂ ਤ੍ਰਿਹਾਇਆ ਰਹਿ ਗਿਆ ਉਹ ਅਗਲੀ ਢਾਬ ਤੱਕ ਨਹੀਂ ਜੀਊਂਦਾ ਅਪੜ ਸਕੇਗਾ। ਸੋ ਏਥੋਂ ਰੱਜ ਕੇ ਪਾਣੀ ਪੀ ਲਵੋ ਤੇ ਤਾਜ਼ਾ-ਦਮ ਹੋ ਕੇ ਫਿਰ ਵੈਰੀ ਤੇ ਬਾਜਾਂ ਵਾਂਗ ਟੁਟ ਪਵੋ। ਤੜਕੇ ਤੋਂ ਲੜਦਿਆਂ ਨੂੰ ਦੁਪਹਿਰ ਹੋ ਗਈ ਸੀ, ਤੇ ਏਨੇ ਚਿਰ ਵਿਚ ਖਾਲਸਾ ਜੀ ੧੨ ਕੁ ਕੋਹ ਪਿਛਾਂਹ ਹਟ ਗਏ ਸਨ। ਦੋਹਾਂ ਧਿਰਾਂ ਨੇ ਹੁਣ ਤਕ ਪਾਣੀ ਦਾ ਘੁੱਟ ਨਹੀਂ ਸੀ ਪੀਤਾ। ਅੰਤ ਨੂੰ ਖ਼ੂਨ-ਡੋਲ੍ਹਵੀਂ ਲੜਾਈ ਸੀ, ਕੋਈ ਪੁਤਲੀਆਂ ਦਾ ਤਮਾਸ਼ਾ ਤਾਂ ਹੈ ਨਹੀਂ ਸੀ, ਦੋਵੇਂ ਧਿਰਾਂ ਥਕ ਚੁਕੀਆਂ ਸਨ ਅਤੇ ਦੋਹੀਂ ਪਾਸੀਂ ਤੇਹ ਨਾਲ ਸੰਘ ਸੁੱਕੇ ਪਏ ਸਨ। ਕੀ ਜਵਾਨ ਤੇ ਕੀ ਘੋੜੇ, ਸਭ ਤੇਹ ਨਾਲ ਬੇਦਿਲ ਹੋ ਹੋ ਜਾਂਦੇ ਸਨ। ਸਿੰਘਾਂ ਨੇ ਅੱਗੇ

---

* ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਹਿਸਾ ਦੂਜਾ, ਨੰਬਰ ੨, ਅਰਥਾਤ ਸ਼ਮਸ਼ੇਰ ਖਾਲਸਾ, ਭਾਸ਼ਾ ਵਿਭਾਗ ਪੰਜਾਬ, ਸਫਾ ੨੦੬

‡ਸ: ਕਰਮ ਸਿੰਘ ਹਿਸਟੋਰੀਅਨ—ਮਹਾਰਾਜਾ ਆਲਾ ਸਿੰਘ।
ਖ਼ਜ਼ਾਨਾ-ਏ-ਆਮਰਾ ੧੧੪-੧੫-੧੬
ਤਾਰੀਖੇ ਹੁਸੈਨ ਸ਼ਾਹੀ—੬੫-੬੬



www.AKJ.Org

ਵਧ ਕੇ, ਇਕ ਪਾਸੇ ਪਕਿਆਈ ਕਰ ਕੇ ਸਾਰਿਆਂ ਨੂੰ ਪਾਣੀ ਪਿਆਇਆ। ਇਹ ਵੀ ਇਕ ਅਜੀਬ ਨਜ਼ਾਰਾ ਸੀ। ਲੜਾਈ ਥੰਮ੍ਹ ਚੁਕੀ ਸੀ । ਇਕ ਪਾਸਿਓਂ ਸਿੰਘ ਤੇ ਦੂਜੇ ਪਾਸੇ ਵਲੋਂ ਦੁਰਾਨੀ ਪਾਣੀ ਪੀ ਰਹੇ ਸਨ। ਪਲ ਕੁ ਪਹਿਲਾਂ ਇਕ ਦੂਜੇ ਦੇ ਖ਼ੂਨ ਦੇ ਪਿਆਸੇ, ਇੱਕੋ ਢਾਬ ਤੋਂ ਦੋਹਾਂ ਪਾਸਿਆਂ ਤੋਂ ਪਾਣੀ ਪੀ ਰਹੇ ਸਨ। ਥਕਾਵਟ ਨਾਲ ਦੁਰਾਨੀਆਂ ਦਾ ਬੁਰਾ ਹਾਲ ਹੋਇਆ ਪਿਆ ਸੀ । ਸਿੰਘ ਵੀ ਥੱਕ ਚੁਕੇ ਸਨ। ਲੜਾਈ ਫਿਰ ਪਹਿਲਾਂ ਵਾਂਗ ਭਖ ਨਾ ਸਕੀ। ਸੋ ਜਹਾਨ ਖ਼ਾਂ ਕੁਝ ਬਣਦਾ ਨਾ ਵੇਖ ਕੇ ਹੌਸਲਾ ਹਾਰ ਕੇ ਦੁਰਾਨੀਆਂ ਨੂੰ ਨਾਲ ਲੈ ਕੇ ਮਲੇਰ ਕੋਟਲੇ ਨੂੰ ਪਿਛੇ ਮੁੜ ਗਿਆ ।

ਸਿੰਘਾਂ ਨੇ ਇਸ ਤੋਂ ਅਗੇ ਦਸ ਕੋਹ ਜਾ ਕੇ ਡੇਰਾ ਕੀਤਾ । ਇਸ ਸਮੇਂ ਦਲ ਨਾਲ ਮਸਾਂ ੩੦ ਕੁ ਹਜ਼ਾਰ ਹੀ ਖਾਲਸਾ ਰਹਿ ਗਿਆ ਸੀ। ਕੁਝ ਕੁ ਲਾਂਭੇ ਭਦੌੜ, ਢੁਬਾਲੀ, ਦਰਾਜ, ਤਪਾ, ਫੂਲ, ਮਰਾਝ ਆਦਿਕ ਪਿੰਡਾਂ ਨੂੰ ਨਿਕਲ ਗਏ ਸਨ ਤੇ ਬਾਕੀ ੧੫ ਤੇ ੨੦ ਹਜ਼ਾਰ ਦੇ ਦਰਮਿਆਨ ਇਸ ਲੜਾਈ ਵਿਚ ਸ਼ਹੀਦ ਹੋ ਗਏ* । ਇਹਨਾਂ ਸ਼ਹੀਦ ਹੋਣ ਵਾਲਿਆਂ ਵਿਚ ਬੱਚੇ, ਬੁਢੇ ਤੇ ਔਰਤਾਂ ਹੀ ਸਨ। ੩੦ ਤੋਂ ੪੦ ਹਜ਼ਾਰ ਦੇ ਦਰਮਿਆਨ ਦੁਰਾਨੀਆਂ, ਦੇਸੀ ਫ਼ੌਜਾਂ ਤੇ ਮੁਲਖਈਏ ਦਾ ਰਲਵਾਂ ਨੁਕਸਾਨ ਹੋਇਆ ਸੀ।

ਏਸ ਤੋਂ ਪਹਿਲਾਂ ਸਿੱਖ ਕੌਮ ਦਾ ਕਦੀ ਏਨਾ ਨੁਕਸਾਨ ਇਕੋ ਦਿਨ ਨਹੀਂ ਸੀ ਹੋਇਆ। ਏਸ ਲਈ ਇਸ ਨੂੰ ਵੱਡਾ ਘਲੂਘਾਰਾ ਕਿਹਾ ਜਾਂਦਾ ਹੈ। ਇਹ ਵਾਕਿਆ ੧੧ ਰਜਬ ੧੧੭੫ ਹਿਜਰੀ ਮੁਤ਼ਾਬਕ ਸ਼ੁਕਰਵਾਰ ੨੮ ਮਾਘ ਸੰਮਤ ੧੮੧੮ ਬਿਕਰਮੀ (੫ ਫ਼ਰਵਰੀ ੧੭੬੨ ਈਸਵੀ) ਦਾ ਹੈ।

ਇਸ ਤੋਂ ਪਹਿਲਾਂ ਏਸੇ ਤਰ੍ਹਾਂ ਖਾਲਸਾ ਜੀ ਨੂੰ ਏਸੇ ਕਿਸਮ ਦੀ ਕਤਲਾਮ ਦਾ ਸਾਹਮਣਾ ਕਰਨਾ ਪਿਆ ਸੀ । ਇਹ ਜ਼ਕਰੀਆ ਖ਼ਾਂ ਸੂਬੇਦਾਰ ਲਾਹੌਰ ਦੇ ਦੀਵਾਨ ਲਖਪਤ ਰਾਏ ਨੇ, ਜਿਸ ਨੂੰ ਸਿੰਘ ਲਖੂ ਦੇ ਨਾਉਂ ਨਾਲ ਯਾਦ ਕਰਦੇ ਹਨ, ਕਤਲਾਮ ਕੀਤੀ ਸੀ। ਇਸ ਵਿਚ ਏਨੇ ਸਿੰਘ ਸ਼ਹੀਦ ਨਹੀਂ ਸਨ ਹੋਏ, ਇਸ ਲਈ ਇਸ ਨੂੰ "ਛੋਟਾ ਘਲੂਘਾਰਾ" ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਹ ਗੱਲ ੨ ਜੇਠ੧੮੦੩ ਬਿਕਰਮੀ ਮੁਤਾਬਕ ੨ ਜੂਨ ੧੭੪੬ ਈਸਵੀ ਦੀ ਹੈ।

ਸਾਰੀਆਂ ਮਿਸਲਾਂ ਤੇ ਉਨ੍ਹਾਂ ਦਿਆਂ ਜਥੇਦਾਰਾਂ ਨੇ ਇਸ ਘਲੂਘਾਰੇ ਵਿਚੋਂ ਵਹੀਰ ਨੂੰ ਬਚਾ ਕੇ ਕਢ ਲੈਣ ਲਈ ਬੜਾ ਵੱਧ ਚੜ੍ਹ ਕੇ ਹਿੱਸਾ ਪਾਇਆ ਸੀ ਤੇ ਕਿਸੇ ਨੇ ਘੱਟ ਨਹੀਂ ਸੀ ਕੀਤੀ ਅਤੇ ਵੀਰਾਂ ਨੂੰ ਬਚਾਉਣ ਲਈ ਆਪਣੀ ਜਾਨ ਪਿਆਰੀ ਨਹੀਂ ਸੀ ਕੀਤੀ। ਵੈਰੀ ਦਾ ਸਨਮੁੱਖ ਹੋ ਕੇ ਟਾਕਰਾ ਕੀਤਾ ਸੀ । ਪਰ ਜੱਸਾ ਆਹਲੂਵਾਲੀਏ ਤੇ ਸ: ਚੜ੍ਹਤ ਸਿੰਘ ਦਾ ਹਿੱਸਾ ਬਿਲਕੁਲ ਬੇਨਜ਼ੀਰ ਸੀ । ਏਥੇ ਕਿਸੇ ਨੂੰ ਨਿੰਦਣ ਸਲਾਹੁਣ ਨਾਲ ਮਤਲਬ ਨਹੀਂ। ਸਿਰਫ਼ ਸੱਚ ਨੂੰ ਹੀ ਸਪੱਸ਼ਟ ਕਰਨ ਤੋਂ ਭਾਵ ਹੈ। ਕੋਈ ਐਸਾ ਜਥੇਦਾਰ ਜਾਂ ਜੰਗੀ ਸਿੰਘ ਸੂਰਮਾ ਨਹੀਂ ਸੀ ਜਿਸ ਨੂੰ ਪੰਜ ਪੰਜ, ਸੱਤ ਸੱਤ ਜ਼ਖ਼ਮ ਨਾ ਲੱਗੇ ਹੋਣ। ਕੁਤਬੇ ਬਾਹਮਣੀਆਂ ਤੋਂ ਉਰੇ ਉਰੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਬੜੇ ਤਕੜੇ ੨੨ ਫੱਟ ਵੱਜ ਚੁਕੇ ਸਨ । ਬਹੁਤੇ ਤੀਰਾਂ ਤੇ

---

*ਵੱਡੇ ਘਲੂਘਾਰੇ ਵਿਚ ਸ਼ਹੀਦ ਹੋਣ ਵਾਲਿਆਂ ਸਿੰਘਾਂ ਸਿੰਘਣੀਆਂ ਤੇ ਬੱਚੇ ਬੱਚੀਆਂ, ਬੁਢਿਆਂ ਠੇਰਿਆਂ ਦੀ ਗਿਣਤੀ ਇਤਿਹਾਸਕਾਰਾਂ ਨੇ ਵੱਖ ਵੱਖ ਦਿਤੀ ਹੈ । ਕਨਿੰਘਮ— "ਹਿਸਟ੍ਰੀ ਆਫ਼ ਦੀ ਸਿਖਜ਼" ਵਿਚ ੧੨ ਤੋਂ ੨੫ ਹਜ਼ਾਰ ਦੇ ਦਰਮਿਆਨ ਦਸਦਾ ਹੈ। ਤਾਰੀਖੇ ਅਹਿਮਦੀ ਵਿਚ ੩੦੦੦੦ ਲਿਖੀ ਹੈ। ਮੁਹੰਮਦ ਲਤੀਫ਼ ਤੇ ਕਨ੍ਹੀਆ ਲਾਲ ੨੪੦੦੦ ਤੇ ਸਹਿਮਤ ਹਨ। ਮੈਲਕਮ ੨੦ ਹਜ਼ਾਰ ਤੋਂ ਵਧ ਮੰਨਦਾ ਹੈ। ਮੁਰੇ ਸਾਹਿਬ ਨੇ, ਮਲੇਰ ਕੋਟਲੇ ਦੇ ਇਕ ਪਠਾਣ ਸਿਪਾਹੀ ਤੋਂ, ਜਿਸ ਨੇ ਭੀਖਣ ਖ਼ਾਂ ਦੀ ਕਮਾਨ ਥਲੇ ਇਸ ਵਿਚ ਹਿੱਸਾ ਲਿਆ ਸੀ, ਪੁਛ ਕੇ ਪੜਤਾਲ ਕੀਤੀ ਸੀ, ਦਾ ਯਕੀਨ ਹੈ ਕਿ ਸ਼ਹੀਦ ਹੋਣ ਵਾਲੇ (ਮੁਸਲਮਾਨਾਂ ਤੇ ਹਿੰਦੂਆਂ ਤੋਂ ਬਿਨਾਂ) ਤੇ ਜ਼ਖਮੀ ਹੋਣ ਵਾਲੇ ਸਿੰਘਾਂ ਦੀ ਤਾਅਦਾਦ ੧੨੦੦੦ ਸੀ (ਪ੍ਰਿੰਸਪ ਸਾਹਿਬ ਦੀ ਲਿਖਤ ਸਫਾ ੨੦)। ਸਰ ਗੋਕਲ ਚੰਦ ਦਾ ਟ੍ਰਾਂਸਫਰਮੇਸ਼ਨ ਆਫ਼ ਸਿੱਖਇਜ਼ਮ—ਸਫ਼ਾ ੧੪੦ (ਫੁਟ ਨੋਟ); ਤਹਿਮਾਸਨਾਮਾ— ਸਫ਼ਾ ੧੧੦-੧੧੧ ੳ: ਖਜ਼ਾਨਾ-ਏ-ਆਮਰਾ—ਸਫ਼ਾ ੧੧੪; ਹੁਸੈਨ ਸ਼ਾਹੀ, ਸਫ਼ਾ ੬੪-੬੫; ਉਮਦਾਤੁ ਤਵਾਰੀਖ਼—ਸਫ਼ਾ ੧੫੭; ਅਲੀਉਦੀਨ-ਇਬਰਤਨਾਮਾ ਸਫ਼ਾ ੨੬੮; ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ ੪੪੫-੫੮;

[ਬਾਕੀ ਫ਼ੁਟ ਨੋਟ ਸਫ਼ਾ ੩੬, ਕਾਲਮ ਪਹਿਲਾ ਹੇਠ]



www.AKJ.Org

ਗੋਲੀਆਂ ਦੇ ਸਨ । ਦੂਰੋਂ ਸੁਟੇ ਹੋਏ ਨੇਜ਼ਿਆਂ ਦੇ ਜ਼ਖਮ ਵੀ ਸਨ। ਉਹ ਬਿਲਕੁਲ ਅਡੋਲ ਤੇ ਦ੍ਰਿੜ੍ਹ ਸੀ । ਸਾਰੇ ਕਪੜੇ, ਨਮਦਾ ਅਤੇ ਜ਼ੀਨ ਖੂਨ ਤੇ ਬੋਟੀਆਂ ਨਾਲ ਗੜੁਚ ਸਨ, ਪਰ ਕੀ ਮਜਾਲ ਜੋ ਸਿੰਘ ਸਰਦਾਰ ਨੇ ਭੋਰਾ ਵੀ ਮਲਾਲ ਕੀਤਾ ਹੋਵੇ। ਰਤਨ ਸਿੰਘ ਜੀ ਭੰਗੂ ਇੰਜ ਦਸਦੇ ਹਨ :

ਜ਼ਖਮ ਬਹੁੱਤ ਜੱਸਾ ਸਿੰਘ ਖਾਏ।
ਤੀਰ ਗੋਲੀ ਔਰ ਤੇਗ਼ ਘਾਏ ਆਏ।
ਆਪ ਪਰੈ ਔ ਉਨ ਕੋ ਝੇਲੈ।
ਸੌਂਹੈ ਮੱਥੇ ਰਖ ਘੋੜੇ ਮੇਲੈ ।੮੨।...
ਜੱਸਾ ਸਿੰਘ ਖਾਏ ਬਾਈ ਘਾਏ।
ਤੌਂ ਭੀ ਸਿੰਘ ਜੀ ਲੜਤੇ ਜਾਇ।...੯੦।

ਸ: ਰਤਨ ਸਿੰਘ ਜੀ ਇਕ ਹੋਰ ਥਾਂ ਆਪਣੇ ਪਿਤਾ ਜੀ ਤੇ ਚਾਚਾ ਜੀ, ਜੋ ਇਸ ਘਲੂਘਾਰੇ ਵੇਲੇ ਨਾਲ ਸ਼ਾਮਲ ਸਨ, ਦੀ ਜ਼ਬਾਨੀ-ਦਸਿਆ ਇਕ ਵਾਕਿਆ ਲਿਖਦੇ ਹਨ ਕਿ ਭਾਵੇਂ ਸਾਰੇ ਜਣੇ ਥਕਾਵਟ ਨਾਲ ਨਿਢਾਲ ਤੇ ਜ਼ਖਮਾਂ ਨਾਲ ਚੂਰ ਚੂਰ ਹੋਏ ਪਏ ਸਨ, ਪਰ ਸ: ਜੱਸਾ ਸਿੰਘ ਤੇ ਸ: ਚੜ੍ਹਤ ਸਿੰਘ ਉਸੇ ਤਰ੍ਹਾਂ ਹੀ ਆਪਣੇ ਹਠ ਤੇ ਕਾਇਮ ਸਨ। ਇਕ ਥਾਂ ਜਾ ਕੇ ਸ: ਜੱਸਾ ਸਿੰਘ ਦਾ ਘੋੜਾ ਥੱਕ ਕੇ ਅੜ ਕੇ ਖਲੋ ਗਿਆ। ਸਰਦਾਰ ਨੇ ਬਥੇਰੀ ਅੱਡੀ ਲਾਈ ਪਰ ਘੋੜਾ ਹਿੱਲੇ ਈ ਨਾ । ਸਰਦਾਰ ਨੇ ਥਾਪੀ ਦੇ ਕੇ ਫੇਰ ਅੱਡੀ ਲਾਈ ਪਰ ਉਹ ਅਸਲੋਂ ਲੱਤਾਂ ਗੱਡ ਖਲੋਤਾ । ਇਹ ਵੇਖ ਕੇ ਉਨ੍ਹਾਂ ਦੇ ਪਾਲਕ ਗੁਰਮੁਖ ਸਿੰਘ ਨੇ ਚਾਬਕ ਚੁਕਿਆ ਤੇ ਘੋੜੇ ਨੂੰ ਮਾਰਨ ਲੱਗਾ। ਸ: ਜੱਸਾ ਸਿੰਘ ਨੇ ਝਟ ਘੂਰ ਕੇ ਰੋਕਦਿਆਂ ਕਿਹਾ, "ਵੇਖੀਂ, ਘੋੜੇ ਨੂੰ ਚਾਬਕ ਨਾ ਮਾਰੀਂ, ਇਹ ਵੇਖ ਕੇ ਕਿਧਰੇ ਕੋਈ ਇਹ ਨਾ ਸਮਝ ਬਹੇ ਕਿ ਸਰਦਾਰ ਘੋੜਾ ਕੁਟਾ ਕੇ ਮੈਦਾਨੋਂ ਨੱਠ ਗਿਆ ।" ਇਹ ਸੀ ਸਿੰਘਾਂ ਦਾ ਹੱਠ ਤੇ ਅਡੋਲਤਾ ਓਸ ਵੇਲੇ ਵੀ, ਜਦ ਚਾਰ ਚੁਫੇਰੇ ਮੌਤ ਦਾ ਨੰਗਾ ਨਾਚ ਹੋ ਰਿਹਾ ਸੀ। ਭਾਵੇਂ ਟੱਬਰਾਂ ਦੇ ਟੱਬਰ ਤਬਾਹ ਹੋ ਗਏ, ਪਰ ਕੀ ਮਜਾਲ ਜੋ ਸਿੰਘਾਂ ਨੂੰ ਤ੍ਰੇਲੀ ਵੀ ਆਈ ਹੋਵੇ।

ਸਾਰਾ ਦਲ ਸ: ਚੜ੍ਹਤ ਸਿੰਘ ਦੇ ਨਾਂ ਤੋਂ ਅੱਸ਼ ਅੱਸ਼ ਕਰ ਰਿਹਾ ਸੀ । ਸ: ਚੜ੍ਹਤ ਸਿੰਘ ਨੇ ਜੋ ਮਾਰ ਦੁਰਾਨੀਆਂ ਤੇ ਦੇਸੀਆਂ ਨੂੰ ਮਾਰੀ ਸੀ, ਪੁਸ਼ਤਾਂ ਤਕ ਯਾਦ ਰਖਣਗੇ । ਖਾਸ ਕਰ ਰੰਘੜ ਤਾਂ ਇਹਨਾਂ ਦੇ ਨਾਂ ਤੋਂ ਇੰਜ ਤ੍ਰਹਿੰਦੇ ਸਨ ਜਿਵੇਂ ਬਾਜ ਨੂੰ ਵੇਖ ਕੇ ਬਟੇਰੇ ਝਾੜਾਂ ਪਲਾਹਾਂ ਵਿਚ ਦਮ ਘੁਟ ਜਾਂਦੇ ਹਨ। ਇਹਨਾਂ ਨੂੰ ਬੜੇ ਕਾਰੀ ੧੯ ਘਾਉ ਲੱਗੇ ਸਨ। ਛਾਤੀ, ਬਾਹਵਾਂ, ਪੱਟ ਤੇ ਲੱਤਾਂ ਪਾਟੀਆਂ ਪਈਆਂ ਸਨ। ਸਰਦਾਰ ਨੇ ਨਾ ਹੀ ਜ਼ਖਮਾਂ ਦੀ ਪਰਵਾਹ ਕੀਤੀ ਤੇ ਨਾ ਹੀ ਇਹਨਾਂ ਵਲ ਧਿਆਨ ਕੀਤਾ। ਉਸ ਦਾ ਧਿਆਨ ਸੀ ਕੇਵਲ ਖਾਲਸਾ ਜੀ ਦੇ ਵਹੀਰ ਦੇ ਬਚਾਅ ਵਲ ਅਤੇ ਦੁਸ਼ਮਣ ਗਾਜ਼ੀਆਂ ਨੂੰ ਜੰਨਤ ਦੇ ਪਰਵਾਨ ਦੇਣ ਵਲ। ਸ: ਰਤਨ ਸਿੰਘ ਜੀ ਫ਼ੁਰਮਾਉਂਦੇ ਹਨ —

ਸ੍ਰਦਾਰ ਸਭੈ ਜ਼ਖਮੀ ਭਏ
ਸਾਬਤ ਰਹਯੋ ਨਾ ਕੋਇ ।
ਲਈ ਸ਼ਹੀਦੀ ਬੀ ਘਨਨ
ਗਿਣਤੀ ਸਭਨ ਨਾ ਹੋਇ ।੪੬॥...
ਚੜ੍ਹਤ ਸਿੰਘ ਜ਼ਖਮ ਤੋ ਗਿਣੇ ਨਾ ਜਾਇ।
ਤੀਰ ਤਲਵਾਰ ਜੋ ਨੇਜੇ ਖਾਇ।

ਦੁਨੀਆ ਦੇ ਇਤਿਹਾਸ ਵਿਚ ਕਿਧਰੇ ਮਿਸਾਲ ਨਹੀਂ ਮਿਲਦੀ ਜੋ ਇਹ ਸਾਬਤ ਕਰ ਸਕੇ ਕਿ ਕਿਸੇ ਕੌਮ ਨੇ ਏਡੀ ਵੱਡੀ ਸੱਟ ਖਾਧੀ ਹੋਵੇ ਤੇ ਫਿਰ ਉਸ ਨੂੰ ਸਹਿ ਕੇ ਪੈਰਾਂ ਤੇ ਖੜੀ ਰਹਿ ਸਕੀ ਹੋਵੇ । ਸਵਾਲ ਹੀ ਪੈਦਾ

---

[ਸਫ਼ਾ ੩੫ ਦੇ ਫ਼ੁਟਨੋਟ ਦੀ ਬਾਕੀ]

ਬਖ਼ਤ ਮੱਲ—ਤਾਰੀਖ਼ੇ ਸਿਖਾਂ, ਸਫ਼ਾ ੪੬; ਤਾਰੀਖ਼ੇ ਖ਼ਾਨਦਾਨਿ ਫੂਲਕੀਆ, ਸਫ਼ਾ ੧੭; ਤਾਰੀਖ਼ੇ ਸੁਲਤਾਨੀ ਸਫ਼ਾ ੧੪੫-੪੬; ਗਿਆਨੀ ਗਿਆਨ ਸਿੰਘ—ਪੰਥ ਪ੍ਰਕਾਸ਼ ਸਫ਼ਾ ੮੧੬-੨੭, ਰਾਜਵਾੜੇ-੪. ਸਫ਼ਾ ੪੬੫; ਸ: ਕਰਮ ਸਿੰਘ—ਆਲਾ ਸਿੰਘ ਸਫ਼ਾ ੨੧੮; ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ—ਸਫ਼ਾ ੨੮੦.

ਏਸ ਅੱਡ ਅੱਡ ਗਿਣਤੀ ਦੇ ਕਈ ਕਾਰਨ ਹੋ ਸਕਦੇ ਹਨ । ਪਰ ਸ: ਰਤਨ ਸਿੰਘ ਭੰਗੂ, ਜਿਸਦਾ ਕਿ ਬਾਪ ਤੇ ਚਾਚਾ ਏਸ ਲੜਾਈ ਵਿੱਚ ਸ਼ਾਮਲ ਸਨ ਤੇ ਜਿਨ੍ਹਾਂ ਦਸਿਆ ਸੀ ਕਿ ਰਾਤ ਨੂੰ ਜਦ ਪੜਾ ਹੋਇਆ ਸੀ ਤਾਂ ੩੦ ਹਜ਼ਾਰ ਚੋਂ ੨੦ ਹਜ਼ਾਰ ਕੈਂਪ ਵਿਚ ਅਪੜ ਗਿਆ ਸੀ, ਦੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਗਿਣਤੀ ਸਭਨਾਂ ਨਾਲੋਂ ਵਧੇਰੇ ਪ੍ਰਮਾਣੀਕ ਜਾਪਦੀ ਹੈ । ਜਿਸ ਤਰ੍ਹਾਂ ਕਿ ਉਹਨਾਂ ਨੇ ਪੰਨਾ ੪੫੭ ਤੇ ਅੰਕਤ ਕੀਤਾ ਹੈ । ਸਵਰਨ ਸਿੰਘ



www.AKJ.Org

ਨਹੀਂ ਹੁੰਦਾ । ਪਰ ਖਾਲਸਾ ਜੀ ਇਸ ਕਰੜੀ ਅਜ਼ਮਾਇਸ਼ ਵਿੱਚੋਂ ਬਿਲਕੁਲ ਸੁਰਖ਼ਰੂਈ ਨਾਲ ਕਾਮਯਾਬ ਹੋ ਕੇ ਹੀ ਨਹੀਂ ਨਿਕਲਿਆ, ਸਗੋਂ ਉਸ ਨੇ ਦੁਨੀਆ ਦੇ ਇਤਿਹਾਸ ਵਿੱਚ ਇੱਕ ਰਿਕਾਰਡ ਕਾਇਮ ਕਰ ਦਿਤਾ, ਜੋ ਰਹਿੰਦੀ ਦੁਨੀਆ ਤੱਕ ਕਿਸੇ ਤੋਂ ਟੁਟੇਗਾ ਨਹੀਂ । ਖਾਲਸਾ ਜੀ ਵਾਸਤੇ ਇਹ ਕੋਈ ਅਨੋਖੀ ਅਜ਼ਮਾਇਸ਼ ਨਹੀਂ ਸੀ । ਖਾਲਸਾ ਜੀ ਤਾਂ ਪਲਿਆ ਹੀ ਤਲਵਾਰਾਂ ਦੀ ਛਾਂ ਥਲੇ ਹੈ । ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ ਤੋਂ ਲੈ ਕੇ ਘਲੂਘਾਰੇ ਤਕ ਇਹੋ ਜਿਹੀਆਂ ਅਨਗਿਣਤ ਕਤਲਾਮਾਂ ਵਿਚੋਂ ਦੀ ਪੂਰੀ ਪੂਰੀ ਸੁਰਖ਼ਰੂਈ ਨਾਲ ਨਿਕਲ ਚੁਕਿਆ ਸੀ । ਖ਼ਾਲਸੇ ਦੀ ਬਰਦਾਸ਼ਤ-ਸ਼ਕਤੀ ਤੇ ਹੌਸਲਾ ਸੁੱਚੇ ਫ਼ੌਲਾਦ ਨਾਲੋਂ ਵੀ ਮਜ਼ਬੂਤ ਸੀ । ਉਸ ਨੂੰ ਗੁੜ੍ਹਤੀ ਹੀ ਭਾਣੇ ਨੂੰ ਮਿਠਾ ਕਰਕੇ ਮੰਨਣ ਦੀ ਮਿਲੀ ਸੀ । ਏਸ ਲਈ ਖਾਲਸਾ ਸੂਰਮੇ ਉੱਕਾ ਥਿੜਕੇ ਨਹੀਂ ਬਿਲਕੁਲ ਡੋਲੇ ਨਹੀਂ । ਹਮੇਸ਼ਾ ਹੀ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਇਸ ਭਾਣੇ ਨੂੰ ਇੱਕ ਹੋਰ ਪਰਖ ਸਮਝ ਕੇ ਹੱਸ ਹੱਸ ਕੇ ਸਹਿ ਗਏ । ਇਸਦਾ ਜੀਊਂਦਾ ਜਾਗਦਾ ਅਮਲੀ ਸਬੂਤ ਉਸ ਸ਼ਾਮ ਨੂੰ ਹੀ ਸਾਰੀ ਦੁਨੀਆ ਨੂੰ ਇੱਕ ਨਿਰਮੋਹ, ਨਿਰਲੇਪ, ਨਿਡਰ ਤੇ ਨਿੱਤ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਖਾਲਸਾ ਜੀ ਦੇ ਵਿਚੋਂ ਇਕ ਨਿਹੰਗ ਸਿੰਘ ਦਿਆਂ ਸ਼ਬਦਾਂ ਨੇ, ਸਿੰਘ-ਗਰਜਣਾ ਨਾਲ ਦੇ ਦਿਤਾ ਸੀ । ਉਹ ਦਲ ਵਿੱਚ ਉੱਚੀ ਉੱਚੀ ਕਹਿੰਦਾ ਫਿਰਦਾ ਸੀ :—

"ਤੱਤ ਖ਼ਾਲਸਾ ਸੋ ਰਹਯੋ,
ਗਯੋ ਸੋ ਖੋਟ ਗਵਾਇ ।"

ਅਰਥਾਤ : ਜੋ ਖੋਟ ਸੀ ਉਹ ਜਾਂਦਾ ਰਿਹਾ, ਹੁਣ ਤੱਤ ਖਾਲਸਾ ਹੀ ਰਹਿ ਗਿਆ ਹੈ । ਭਾਵ ਕੁੰਦਨ ਰੂਪੀ ਖਾਲਸ ਖ਼ਾਲਸਾ ਜੀ ਜਿਉਂ ਕਾ ਤਿਉਂ ਅਡੋਲ ਮੌਜੂਦ ਹੈ, ਅਤੇ ਰਹਿੰਦੀ ਦੁਨੀਆ ਤੱਕ ਇੰਜ ਹੀ ਅਡੋਲ ਰਹੇਗਾ । ਉਹ ਖੋਟ ਜਿਹੜਾ ਮੋਹ ਮਾਇਆ ਦਾ ਨਾਸਵਾਨ ਰੂਪ ਸੀ, ਓਹੋ ਹੀ ਅਲੋਪ ਹੋਇਆ ਹੈ ।*

ਸਿੰਘਾਂ ਅਠੂਰੋਂ ਅਗੇ ਬਰਨਾਲੇ ਵਲ ਦਾ ਰੁਖ਼ ਕੀਤਾ ਤੇ ਬਰਨਾਲੇ ਦੀ ਜੂਹ ਵਿੱਚ, ਪਿੰਡ ਸੰਘੇੜਾ ਦੇ ਅਗਲੇ-ਦਾ ਪੜਾ ਕੀਤਾ ਸੀ । ਇਹ ਰਾਜਾ ਆਲਾ ਸਿੰਘ ਦਾ ਇਲਾਕਾ ਸੀ ਤੇ ਏਥੇ ਸਿੰਘਾਂ ਨੂੰ ਕੋਈ ਖ਼ਤਰਾ ਨਹੀਂ ਸੀ । ਏਥੋਂ ਅਗਲੇ ਤੜਕੇ ਲਖੀ ਜੰਗਲ ਵਲ ਮੁੜ ਪਏ । ਲਖੀ ਜੰਗਲ ਸਿੰਘਾਂ ਲਈ ਬਹੁਤ ਵਧੀਆ ਪਨਾਹਗਾਹ ਸੀ ।

ਨੋਟ—ਸਫ਼ਿਆਂ ਦੀ ਤੰਗੀ ਕਾਰਨ ਇਹ ਪੰਜਵੀਂ ਕਿਸ਼ਤ ਅਧੀ ਛਪ ਸਕੀ ਹੈ । ਬਾਕੀ ਆਉ ਦੇ ਪਰਚੇ ਵਿਚ

---

* ਸ: ਰਤਨ ਸਿੰਘ ਜੀ ਭੰਗੂ-ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੪੪੨ ਤੋਂ ੪੫੮ ਤਕ, ਤਹਿਮਸਪ ਖ਼ਾਂ ਮਸਕੀਨ ਦਾ ਤਹਿਮਾਸ-ਨਾਮਾ ਅੰਗਰੇਜ਼ੀ ਉਲਥਾ "ਰਾਉ" ਦੁਆਰਾ ਸਫ਼ਾ ੧੦੫-੭; ਖ਼ਜ਼ਾਨਾ-ਏ-ਆਮਿਰਾ ਸਫ਼ਾ ੧੧੪,

---

# ਕੁਰਾਲੀ ਵਿਖੇ ਭਾ: ਸਾਃ ਰਣਧੀਰ ਸਿੰਘ ਜਨਮ-ਸ਼ਤਾਬਦੀ ਸਮਾਗਮ

ਜ਼ਿਲਾ ਰੋਪੜ ਦੀਆਂ ਸਮੂਹ ਸੰਗਤਾਂ ਵਲੋਂ ਖਾਲਸਾ ਹਾਇਰ ਸਕੈਂਡਰੀ ਸਕੂਲ ਕੁਰਾਲੀ ਸ਼ਹਿਰ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੌ-ਸਾਲਾ ਜਨਮ-ਸ਼ਤਾਬਦੀ ਦੇ ਸਮਾਗਮ ਬੜੇ ਉਤਸ਼ਾਹ ਨਾਲ ੨੦ ਤੋਂ ੨੩ ਅਪ੍ਰੈਲ ਐਤਵਾਰ ਤਕ ਮਨਾਏ ਜਾ ਰਹੇ ਹਨ । ਦੂਰੋਂ ਨੇੜਿਓਂ ਵਖ ਵਖ ਸ਼ਹਿਰਾਂ ਤੋਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ । ਗੁਰਬਾਣੀ ਤੇ ਕੀਰਤਨ ਧੁਨੀਆਂ ਦੇ ਅਨੰਦ ਮਾਣਨ ਲਈ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਦਰਸ਼ਨ ਦੇਵੋ ਜੀ——

੨੦ ਅਪ੍ਰੈਲ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ
੨੧ ਅਪ੍ਰੈਲ ਸਵੇਰੇ ੫-੩੦ ਤੋਂ ੮-੩੦ ਕੀਰਤਨ ਆਸਾ ਦੀ ਵਾਰ ਗੁਰਦੁਆਰਾ ਗੁਰੂ ਅਰਜਨ ਦੇਵ ਜੀ
ਸ਼ਾਮ ੮ ਤੋਂ ੧੦ ਅਖੰਡ ਕੀਰਤਨ ਗੁ: ਗੁਰੂ ਹਰਿਗੋਬਿੰਦ ਗੜ੍ਹ ਸਾਹਿਬ, ਮੋਰਿੰਡਾ ਰੋਡ
੨੨ ਅਪ੍ਰੈਲ ਸਵੇਰੇ ੫-੩੦ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਦੁਪਹਿਰ ਤਕ ਖਾ: ਹਾ: ਸਕੂਲ ਵਿਖੇ
ਦੁਪਹਿਰ ਪਿਛੋਂ ਅੰਮ੍ਰਿਤ-ਸੰਚਾਰ ਸਮਾਗਮ
ਸ਼ਾਮ ੮ ਵਜੇ ਰੈਣ-ਸਬਾਈ ਕੀਰਤਨ ਅਰੰਭ, ਐਤਵਾਰ ਸਵੇਰੇ ਸਮਾਪਤੀ ।

ਪੁਛ ਗਿਛ—ਭਾਈ ਹਰਿਭਜਨ ਸਿੰਘ
ਖਾਲਸਾ ਨਿਵਾਸ, ੧੨/੧੦੦ ਵ: ਨੰ: ੯, ਕੁਰਾਲੀ

ਦਰਸ਼ਨ ਅਭਿਲਾਖੀ
ਅਖੰਡ ਕੀਰਤਨੀ ਜੱਥਾ ਖਰੜ ਤੇ ਕੁਰਾਲੀ

www.AKJ.Org

# ਸਿਖ ਬੀਬੀਆਂ ਤੇ ਲੋਹ-ਟੋਪ-ਕਾਨੂੰਨ

[ਵਲੋਂ—ਸ: ਮਨੋਹਰ ਸਿੰਘ ਜੀ ਦਰਦੀ, ਸ੍ਰੀ ਗੁਰੂ ਨਾਨਕ ਕੀਰਤਨ ਮਿਸ਼ਨ, ਤਰਨ ਤਾਰਨ]

ਅਖਬਾਰਾਂ ਵਿਚ, ਚੰਡੀਗੜ੍ਹ ਵਿਖੇ ਸਕੂਟਰ ਆਦਿਕ ਚਲਾਉਣ ਵਾਲੀਆਂ ਸਿਖ ਬੀਬੀਆਂ ਵਾਸਤੇ ਵੀ ਲੋਹ ਟੋਪ ਪਾਉਣ ਦੇ ਕਾਨੂੰਨ ਬਾਰੇ ਪੜ੍ਹਿਆ ਤਾਂ ਬਹੁਤ ਦੁਖ ਹੋਇਆ। ਜਦੋਂ ਕਿ ਸਭ ਨੂੰ ਪਤਾ ਹੈ ਕਿ ਸਿਖ ਧਰਮ ਵਿਚ ਇਸਤ੍ਰੀ-ਮਰਦ ਵਾਸਤੇ ਇਕੋ ਅਸੂਲ ਹਨ ਤਾਂ ਫਿਰ ਇਸ ਕਾਨੂੰਨ ਵਿਚ ਇਹ ਫ਼ਰਕ ਕਿਉਂ? ਸਿਖੀ-ਰਹਿਤ ਵਿਚ ਟੋਪੀ ਆਦਿਕ ਪਾਉਣ ਦੀ ਮਨਾਹੀ ਹੈ।

ਪਰ ਮੈਂ ਸਮਝਦਾ ਹਾਂ ਕਿ ਸਾਡੀਆਂ ਭੈਣਾ ਵਿਚ ਵੀ ਕੁਝ ਊਣਤਾਈਆਂ ਹਨ। ਗੁਰੂ ਸਾਹਿਬ ਨੇ ਖਾਲਸੇ ਨੂੰ ਨਿਆਰਾ (ਵਖਰਾ) ਰਹਿਣ ਦਾ ਹੁਕਮ ਦਿਤਾ ਹੈ। ਸਿਖ ਤਾਂ ਦਾੜ੍ਹੀ ਮੁੱਛਾਂ ਅਤੇ ਪਗੜੀ ਤੋਂ ਪਛਾਣੇ ਜਾਂਦੇ ਹਨ, ਪਰ ਸਿਖ ਬੀਬੀਆਂ ਦੀ, ਆਮ ਜਨਤਾ ਵਾਂਗ ਫ਼ੈਸ਼ਨ ਵਾਲਾ ਲਿਬਾਸ ਹੋਣ ਕਰਕੇ, ਪਹਿਚਾਣ ਹੋਣੀ ਮੁਸ਼ਕਿਲ ਹੈ। ਅਮੀਰ ਘਰਾਣੇ ਦੀਆਂ ਕਈ ਸਿਖ ਬੱਚੀਆਂ ਨੇ ਤਾਂ ਕੁਸੰਗਤ ਦੇ ਅਸਰ ਹੇਠ ਕੇਸ ਵੀ ਕਟਵਾਏ ਹੁੰਦੇ ਹਨ। ਸਾਨੂੰ ਗੁਰੂ-ਆਸ਼ੇ ਅਨੁਸਾਰ ਜੀਵਨ ਅਤੇ ਪਹਿਰਾਵਾ ਧਾਰਨ ਕਰਕੇ ਹੀ ਗੁਰੂ ਕੇ ਸਿਖ ਅਖਵਾਉਣ ਦਾ ਹੱਕ ਹੈ। ਜ਼ਰਾ ਸੋਚੋ ਕਿੰਨੀਆਂ ਸਿਖ ਔਰਤਾਂ ਇਸ ਕਸਵਟੀ ਤੇ ਪੂਰਨ ਹਨ?

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਜੇਕਰ ਸਿਖ ਬੀਬੀਆਂ ਅੰਮ੍ਰਿਤ ਛੱਕ ਕੇ ਸਧਾਰਨ ਲਿਬਾਸ (ਕੇਸਕੀ ਛੋਟੀ ਦਸਤਾਰ) ਸਹਿਤ ਸ਼ਸ਼ਤਰਧਾਰੀ ਹੋ ਜਾਣ ਤਾਂ ਦੁਨੀਆ ਭਰ ਦਾ ਕੋਈ ਵੀ ਕਾਨੂੰਨ ਇਹਨਾਂ ਨੂੰ ਲੋਹ-ਟੋਪ ਪਾਉਣ ਤੇ ਮਜਬੂਰ ਨਹੀਂ ਕਰ ਸਕਦਾ। ਇਸ ਪ੍ਰਕਾਰ ਜਿਥੇ ਇਹ ਮਾਣ ਨਾਲ ਸਿੰਘਾਂ ਦੇ ਬਰਾਬਰ ਚਲਣਗੀਆਂ ਉਥੇ ਸਿਖੀ ਪ੍ਰਚਾਰ ਅਤੇ ਹੋ ਰਹੀਆਂ ਕੁਰੀਤੀਆਂ ਘਟਾਉਣ ਵਿਚ ਵੀ ਸਹਾਈ ਹੋਣਗੀਆਂ। ਕਦੇ ਸਮਾਂ ਸੀ ਜਦੋਂ ਸਿੰਘਣੀਆਂ ਨੇ ਮਾਤਾ ਭਾਗ ਕੌਰ ਅਤੇ ਸਦਾ ਕੌਰ ਦੇ ਰੂਪ ਵਿਚ ਚੜ੍ਹਦੀ ਕਲਾ ਦੇ ਗੁਰਸਿਖੀ ਜੀਵਨ ਦੀ ਪ੍ਰੇਰਨਾ ਦਿਤੀ ਸੀ। ਹੁਣ ਵੀ ਚਾਹੀਦਾ ਹੈ ਕਿ ਇਤਿਹਾਸਕ ਰਵਾਇਤਾਂ ਕਾਇਮ ਰਖਣ। ਸੋ ਪਹਿਲਾਂ ਆਪਣੀ ਘਾਟ ਪੂਰੀ ਕਰਨ ਦੀ ਲੋੜ ਹੈ ਤਾਂ ਹੀ ਅਸੀਂ ਆਪਣੇ ਧਰਮ ਅਸੂਲਾਂ ਖਾਤਿਰ ਮੋਰਚੇ ਲਗਾ ਕੇ ਬਰਤਾਨੀਆ ਅਤੇ ਕੈਨੇਡਾ ਵਾਂਗ, ਏਥੇ ਵੀ ਯਕੀਨਨ ਕਾਮਯਾਬੀ ਹਾਸਿਲ ਕਰ ਸਕਦੇ ਹਾਂ।

---

# ਪਿੰਡ ਰਾਜਾ (ਦਸੂਹਾ) ਵਿਚ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਿਹਿ ਵਿਖੇ ੬ ਤੋਂ ੮ ਅਪ੍ਰੈਲ ਤਕ ਸ੍ਰੀ ਅਖੰਡਪਾਠ ਹੋਣਗੇ ਅਤੇ ੮ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਗੁਰਸਿਖ ਸੰਗਤਾਂ ਦਰਸ਼ਨ ਦੇ ਕੇ ਦਾਸਾਂ ਨੂੰ ਨਿਵਾਜਣ। ਪਿੰਡ ਰਾਜਾ ਦਸੂਹੇ ਤੋਂ ਹੁਸ਼ਿਆਰਪੁਰ ਰੋਡ ਤੇ ਪੰਜਵੇਂ ਮੀਲ ਤੇ ਹੈ।

ਦਾਸ—ਸਵਰਨ ਸਿੰਘ ਪ੍ਰੀਤਮ ਸਿੰਘ, ਪਿੰਡ ਰਾਜਾ, ਦਸੂਹਾ (ਹੁਸ਼ਿਆਰਪੁਰ)

---

*ਭਾ: ਸਾ: ਰਣਧੀਰ ਜੀ ਦੀ ਜਨਮ-ਸ਼ਤਾਬਦੀ ਸਬੰਧੀ*

# ਧਨਬਾਦ (ਬਿਹਾਰ) ਵਿਖੇ ਵਿਸ਼ੇਸ਼ ਅਖੰਡ ਕੀਰਤਨ ਸਮਾਗਮ

੧੧-੧੨-੧੩ ਮਈ ਨੂੰ —ਪ੍ਰੋਗਰਾਮ ਆਉਂਦੇ ਪਰਚੇ ਵਿਚ



www.AKJ.Org

# ਅੰਮ੍ਰਿਤ ਛਕ ਕੇ ਜਨਮ ਸਫਲ ਕਰ

[ਵਲੋਂ—ਗਿਆਨੀ ਗੋਪਾਲ ਸਿੰਘ ਜੀ ਮਿਤਰ, ਮਾਲਬ, ਗੁੜਗਾਉਂ]

ਕਲਗੀਆਂ ਵਾਲੇ ਪਾਤਸ਼ਾਹ ਦੇ ਸੋਹਣੇ ਰੂਪ ਅਕਾਲੀ ਸਿੱਖਾ!
ਸਾਬਤ ਸੂਰਤ ਚੇਹਰੇ ਮੋਹਰੇ ਵਾਲੇ ਰੂਪ ਜਲਾਲੀ ਸਿੱਖਾ!

ਰੱਬੀ ਸੂਰਤ ਦੇ ਕੇ ਤੈਨੂੰ (ਉਸ) 'ਸੰਤ ਸਿਪਾਹੀ' ਬੀਰ ਬਣਾਇਐ।
ਸਿੰਘ-ਬਾਣੇ ਦੀ ਬਖਸ਼ਸ਼ ਕਰ ਕੇ ਤੈਨੂੰ ਚੰਨ ਤੋਂ ਵਧ ਰੁਸ਼ਨਾਇਐ।

ਤੇਰਾ ਨਾਮ 'ਖ਼ਾਲਸਾ' ਰਖ ਕੇ, ਖ਼ਾਲਸ ਸਦ ਗੁਣ ਧਾਰਨੀ ਕਰ ਕੇ।
ਖੰਡੇ ਦੀ ਪਾਹੁਲ ਕਰ ਬਖਸ਼ਸ਼, ਸ਼ੇਰ ਬਣਾਇਐ ਬੀਰਤਾ ਭਰ ਕੇ।

'ਸਤਗੁਰ* ਪੂਰਾ' ਕਹਿ ਕੇ ਤੈਨੂੰ ਪ੍ਰੀਤਮ ਨੇ ਜਗ ਵਿਚ ਵਡਿਆਇਐ।
ਤਨ, ਮਨ ਅਤੇ ਧਨ ਭੀ ਤੇਰਾ, ਸੀਸ‡ ਵੀ ਤੇਰਾ ਮੁਖੋਂ ਅਲਾਇਐ।

ਤੈਨੂੰ ਸਭ ਕੁਝ ਸੌਂਪ ਕੇ ਉਸ ਨੇ, ਅਪਣੀ ਝੋਲੀ ਵਿਚ ਬਿਠਾ ਕੇ,
ਮਿਹਰ ਨਦਰ ਦਾ ਪਾਤਰ ਕੀਤੈ(ਗੁਰੂ) 'ਗੋਬਿੰਦ ਸਿੰਘ' ਪਿਤਾ ਅਖਵਾ ਕੇ।

ਕੀ, ਤੂੰ ਉਸ ਦੀ ਝੋਲੀ ਅੰਦਰ ਬਹਿਣ ਲਈ ਕੀਤੀ ਏ ਤਿਆਰੀ?
ਸੀਸ ਤੇਰੇ ਤੇ ਮੁਹਰ ਅਨੂਪਮ ਤੇਰੀ ਸ਼ਕਲ ਜਗ ਤੋਂ ਨਿਆਰੀ।

ਕੰਘਾ, ਕੜਾ, ਕ੍ਰਿਪਾਨ, ਕਛਹਿਰਾ, ਕੇਸਕੀ, ਕੀ ਅਜ ਤਕ ਤੂੰ ਅਪਣਾਏ?
ਲੈ ਕੇ ਪਾਹੁਲ ਖੰਡੇ ਦੀ ਤੂੰ ਧੁਰ ਹੁਕਮਾਂ ਤੇ ਫੁੱਲ ਚੜ੍ਹਾਏ?

ਜੇਕਰ ਨਹੀਂ ਤਾਂ ਦਸ! ਢਿਲ ਕਾਹਦੀ,ਹੁਣ ਤਕ ਕਿਉਂ'ਨਿਗੁਰਾ'ਫਿਰਨੈਂ?
ਪਿਠ ਦੇ ਕੇ ਸਤਿਗੁਰ ਨੂੰ ਕਿਉਂ? ਤੂੰ ਨਿਯਮਾਂ ਤੋਂ ਆਜ਼ਾਦ ਵਿਚਰਨੈਂ?

ਲਾਲ ਗੁਰੂ ਦੇ! ਉਠ ਤਿਆਰ ਹੋ, ਤਕ ਨੇੜੇ ਆ ਰਹੀ ਵਿਸਾਖੀ।
ਅੰਮ੍ਰਿਤ ਛਕ ਕੇ ਜਨਮ ਸਫਲ ਕਰ, ਮੰਨ ਲੈ 'ਮਿੱਤਰ' ਦੀ ਗੱਲ ਆਖੀ।

---

* ਖ਼ਾਲਸਾ ਮੇਰੋ ਸਤਿਗੁਰ ਪੂਰਾ (ਸਰਬ ਲੋਹ ਗ੍ਰੰਥ)।

‡ ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲੌ ਧਨ ਹੈ ਸਭ ਹੀ ਇਨਹੀ ਕੋ। (ਗਿਆਨ ਪ੍ਰਬੋਧ)

---

## ਰੂਪ ਨਗਰ (ਰੋਪੜ) ਵਿਖੇ ਅੰਮ੍ਰਿਤ-ਸਿੰਚਾਰ ਸਮਾਗ਼ਮ

੨ ਅਪ੍ਰੈਲ ੧੯੭੮ ਐਤਵਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੋਪੜ ਵਿਖੇ ੩ ਵਜੇ ਦੁਪਹਿਰੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ। ਸ਼ਾਮ ਨੂੰ ੭॥ ਤੋਂ ੯ ਤਕ ਬਾਹਰੋਂ ਆਏ ਕੀਰਤਨੀ ਸਿੰਘ ਗੁਰਬਾਣੀ ਦੇ ਕੀਰਤਨ ਦੁਆਰਾ ਅਸੀਸਾਂ ਦੇਣਗੇ।

ਸੇਵਾਦਾਰ—ਗੁਰਮਤਿ ਸਟੱਡੀ ਸਰਕਲ ਅਤੇ ਗੁਰਮਤਿ ਪ੍ਰਚਾਰ ਸੁਸਾਇਟੀ ਰੂਪ ਨਗਰ।

---

**ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ—**ਅਸੀਂ ਹਰ ਮਹੀਨੇ ਸਾਰੇ ਐਡਰੈਸ ਰਜਿਸਟਰ ਨਾਲ ਚੈਕ ਕਰ ਕੇ, ਸਭ ਪਾਠਕਾਂ ਨੂੰ ਪਰਚੇ ਭੇਜਦੇ ਹਾਂ। ਡਾਕਖ਼ਾਨੇ ਦੀ ਅਣਗਹਿਲੀ ਕਾਰਨ ਕਈ ਪਰਚੇ ਗੁੰਮ ਜਾਂਦੇ ਹਨ। ਜਿਨ੍ਹਾਂ ਸਜਣਾਂ ਦਾ ਪਰਚਾ ਗੁੰਮ ਹੋ ਜਾਵੇ ਅਤੇ ਮਹੀਨੇ ਦੇ ਅੱਧ ਤਕ ਨਾ ਮਿਲੇ, ਉਹ ਉਸੇ ਮਹੀਨੇ ਵਿਚ ਹੋਰ ਪਰਚਾ ਮੰਗ ਭੇਜਣ। ਪਿਛਲੇ ਪਰਚੇ ਮਿਲਣੇ ਔਖੇ ਹਨ।



www.AKJ.Org

## ਸ਼ਿਮਲੇ ਵਿਖੇ ਅਖੰਡ ਕੀਰਤਨ ਤੇ ਗੁਰਬਾਣੀ ਦੀ ਵਰਖਾ

ਕੁਮਾਰ ਹੱਟੀ ਵਿਖੇ ਭਾਈ ਸਾਹਿਬ ਜੀ ਦੀ ਸੌ-ਸਾਲਾ ਜਨਮ-ਸ਼ਤਾਬਦੀ ਮਨਾਉਣ ਦਾ ਪ੍ਰੋਗਰਾਮ ਉਲੀਕਣ ਸਬੰਧੀ ਦਾਸਰੇ ਦੇ ਗ੍ਰਿਹਿ ਖ਼ਾਲਸਾ ਨਿਵਾਸ ਸ਼ਿਮਲਾ ਵਿਚ ੭ ਤੋਂ ੯ ਅਪ੍ਰੈਲ ਤਕ ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨ ਦੇ ਪਰਵਾਹ ਚੱਲਣਗੇ। ਗੁਰੂ ਪਿਆਰੇ ਵੀਰ ਭੈਣਾਂ ਦਰਸ਼ਨ ਦੇ ਕੇ ਦਾਸ ਨੂੰ ਨਿਵਾਜਣ।

ਦਾਸਰਾ—ਇੰਦਰ ਸਿੰਘ, ਖ਼ਾਲਸਾ ਬ੍ਰਦਰਜ਼, ੧੯੧-ਗੰਜ ਬਜ਼ਾਰ, ਸ਼ਿਮਲਾ।

---

## ਇਲਾਕਾ ਮੰਨਣ ਵਲੋਂ ਅਖੰਡ ਕੀਰਤਨ ਦੇ ਪ੍ਰੋਗਰਾਮ

ਗੁਰੂ ਅਮਰਦਾਸ ਜੀ ਤਨ ਮਨ ਧਨ ਨਾਲ ਅਟੁਟ ਸੇਵਾ ਦੀ ਮਿਸਾਲ ਕਾਇਮ ਕਰ ਕੇ ਗੁਰ-ਗੱਦੀ ਦੇ ਭਾਗੀ ਬਣੇ। ਇਸ ਦਿਨ ਨੂੰ ਉਤਸ਼ਵ ਨਾਲ ਮਨਾਉਣ ਲਈ ਇਲਾਕਾ ਮੰਨਣ ਦੀਆਂ ਸੰਗਤਾਂ ਨੇ ੧੨ ਫ਼ਰਵਰੀ ਤੋਂ ੯ ਅਪ੍ਰੈਲ ਸਵੇਰ ਤਕ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ ਦੇ ਪ੍ਰੋਗਰਾਮ ਪਿੰਡ ਪਿੰਡ ਵਿਚ ਰਖੇ। ਅਪ੍ਰੈਲ ਦੇ ਪ੍ਰੋਗਰਾਮ ਇਉਂ ਹਨ :—

ਅਪ੍ਰੈਲ ੧—ਵਡਾਲਾ, ੨—ਬੱਲ, ੩-ਡੀਂਗਰੀਆਂ, ੪—ਅਲਵਰਪੁਰ, ੫—ਮੰਨਣ, ੬—ਜਲੰਧਰ (ਮਹੱਲਾ ਕਿਸ਼ਨਪੁਰਾ), ੭—ਈਸਪੁਰ।

੮ ਅਪ੍ਰੈਲ ਗੁਰਪੁਰਬ ਵਾਲੀ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਮੰਨਣ ਵਿਖੇ ਹੋਣਗੇ। ੯ ਅਪ੍ਰੈਲ ਸਵੇਰੇ ਸਮਾਪਤੀ ਹੋਵੇਗੀ।

ਸਰਬੱਤ ਪਿਆਰੇ ਹਾਜ਼ਰੀਆਂ ਭਰ ਕੇ ਕੀਰਤਨ-ਧੁਨਾਂ ਵਿਚ ਜੁੜ ਕੇ ਆਨੰਦ ਮਾਨਣ।

ਨੋਟ—(੧) ਮੰਨਣ ਪਿੰਡ ਜਲੰਧਰ—ਪਠਾਨਕੋਟ ਰੋਡ ਤੇ, ਪਿੰਡ ਬੱਲ ਤੋਂ ਦੋ ਕਿਲੋਮੀਟਰ ਹੈ।
(੨) ਇਲਾਕਾ ਭੋਗਪੁਰ ਟਾਂਡਾ ਲਈ ਟ੍ਰਾਲੀ ਭੋਗਪੁਰ ਬਸ-ਸਟੈਂਡ ਤੋਂ ਸਾਢੇ ਸਤ ਵਜੇ ਚਲੇਗੀ।
(੩) ਇਲਾਕਾ ਹੁਸ਼ਿਆਰਪੁਰ ਆਦਮਪੁਰ ਵਾਸਤੇ ਟ੍ਰਾਲੀ ਆਦਮਪੁਰ ਬਸ-ਅੱਡੇ ਤੋਂ ਸਾਢੇ ਸਤ ਵਜੇ ਚਲੇਗੀ।
(੪) ਇਲਾਕਾ ਕਪੂਰਥਲਾ ਅੰਮ੍ਰਿਤਸਰ ਲਈ ਟ੍ਰਾਲੀ ਬੱਸ-ਅੱਡਾ ਕਰਤਾਰਪੁਰ ਤੋਂ ਸਾਢੇ ਸਤ ਵਜੇ ਚਲੇਗੀ।

ਦਾਸਰੇ—ਅਖੰਡ ਕੀਰਤਨੀ ਜੱਥਾ, ਇਲਾਕਾ ਮੰਨਣ।

ਪੁੱਛ ਗਿੱਛ—ਭਾਈ ਪੂਰਨ ਸਿੰਘ ਸੁਬੇਗ ਸਿੰਘ ਜੀ, ਪਿੰਡ ਮੰਨਣ ਜ਼ਿਲਾ ਜਲੰਧਰ

---

## ਪਿੰਡ ਦੁਲੇ ਗੁ: ਪਾ: ੧੦ ਫਲਾਹੀ ਸਾਹਿਬ ਵਿਖੇ ਮਾਸਕ ਰੈਣ ਸਬਾਈ

ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੇ ਹੈ ਕਿ ਗੁਰਦੁਆਰਾ ਸਾਹਿਬ ਵਿਖੇ ੮ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਨਿਰਬਾਣ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇਵੋ ਜੀ ਤੇ ਲਾਹੇ ਪ੍ਰਾਪਤ ਕਰੋ। ਲੁਧਿਆਣਾ—ਮੰਡੀ ਅਹਿਮਦਗੜ੍ਹ ਰੋਡ ਦੇ ਦਰਮਿਆਨ ਨਹਿਰੇ ਦੇ ਪੁਲ ਲੈਂਡ ਤੋਂ ਗੁਰਦੁਆਰਾ ਸਾਹਿਬ ਅੱਧਾ ਮੀਲ ਹੈ।

ਦਾਸਰਾ—ਮਾਸਟਰ ਉਜਾਗਰ ਸਿੰਘ ਫਰਵਾਲੀ, P.O. ਲੋਹਟਬੱਦੀ (ਸੰਗਰੂਰ)

---

## ਬਿਸਰਾਮਪੁਰ (ਮਧ ਪ੍ਰਦੇਸ਼) ਵਿਖੇ ਇਕ ਗ੍ਰੰਥੀ ਦੀ ਲੋੜ

ਗੁਰਦੁਆਰਾ ਸਾਹਿਬ ਲਈ ਇਕ ਗੁਰਮੁਖ, ਗ੍ਰਿਹਸਤੀ ਗ੍ਰੰਥੀ ਦੀ ਲੋੜ ਹੈ ਜੋ ਅਖੰਡ-ਪਾਠੀ, ਕੀਰਤਨੀਆ, ਗੁਰ-ਇਤਿਹਾਸ ਅਤੇ ਗੁਰਬਾਣੀ ਦਾ ਚੰਗਾ ਬੋਧ ਰਖਦਾ ਹੋਵੇ। ਯੋਗਤਾ ਅਨੁਸਾਰ ਚਾਰ ਸੌ ਰੁਪਏ ਤਕ ਸੇਵਾ-ਫਲ ਦਿਤਾ ਜਾ ਸਕੇਗਾ। ਦਾਸਰਾ—ਜਸਵੰਤ ਸਿੰਘ, ਜਨਤਾ ਕਲਾਥ ਸਟੋਰ, ਬਿਸਰਾਮਪੁਰ (ਸਰਗੂਜਾ) ਮਧ ਪ੍ਰਦੇਸ਼



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਮਿ: ਐਮ. ਐਸ. ਪੂਰੇਵਾਲ ਕੈਨੇਡਾ ਦੇ 750/- ਰੁਪਏ, ਸ: ਦਲਜੀਤ ਸਿੰਘ ਜੀ ਸੋਹਲ ਯੂ.ਕੇ: ਦੇ 650/- ਰੁਪਏ, ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੀਆਂ ਐਫ਼ ਡੀਆਂ ਦੇ ਨੰਬਰ ਹੇਠ ਦਿਤੇ ਅਨੁਸਾਰ ਹਨ :

| | | | | |
|---|---|---|---|---|
| 343. | ਸ: ਅਤਰ ਸਿੰਘ ਜੀ ਕਾਨਪੁਰ | (ਚਿਟ ਨੰ: 3343) | 804074/325/78 | ਮਿਤੀ 15-3-78 |
| 344. | ਸ: ਗੁਰਜੰਤ ਸਿੰਘ ਜੀ ਬਠਿੰਡਾ | ( ,, 3344) | 804075/326/78 | ,, |
| 345. | ਸ: ਸ਼ਿੰਗਾਰਾ ਸਿੰਘ ਜੀ ਪਟਨਾ | ( ,, 3345) | 804076/327/78 | ,, |
| 346. | ਸ: ਲਖਬੀਰ ਸਿੰਘ ਵੜੈਚ ਕਲਕੱਤਾ | ( ,, 3346) | 804077/328/78 | ,, |
| 347. | ਸ: ਸੂਰਤ ਸਿੰਘ ਜੀ (ਪੂਰਨ ਜੀ) | ( ,, 3347) | 804078/329/78 | ,, |
| 348. | ਸ: ਨਿਰਮਲ ਸਿੰਘ ਜੀ ਕੈਸ਼ੀਅਰ | ( ,, 3348) | 804079/330/78 | ,, |
| 349. | ਸ: ਅਮਰਜੀਤ ਸਿੰਘ ਇਨਸਪੈਕਟਰ | ( ,, 3349) | 804080/331/78 | ,, |
| 350. | ਮਿ: ਐਮ.ਐਸ. ਪੂਰੇਵਾਲ, ਕੈਨੇਡਾ | ( ,, 2040) | 804081/332/78 | ,, |
| 351. | ਸ: ਦਲਜੀਤ ਸਿੰਘ ਸੋਹਲ, ਯੂ. ਕੇ. | ( ,, 2083) | 804082/333/78 | ,, |
| 352. | ਬੀਬੀ ਸਤਵੰਤ ਕੌਰ ਜੀ | ( ,, 3352) | 804083/334/78 | ,, |
| 353. | ਸ: ਦਵਿੰਦਰ ਸਿੰਘ ਜੀ ਬੈਂਸ | ( ,, 3353) | 804084/335/78 | ,, |
| 354. | ਸ: ਦਰਸ਼ਨ ਸਿੰਘ ਜੀ ਦੁਰਗ | ( ,, 3354) | 804085/336/78 | ,, |
| 355. | ਸ: ਪ੍ਰੀਤਮ ਸਿੰਘ ਜੀ ਕੱਕੜ | ( ,, 3355) | 804086/337/78 | ,, |
| 356. | ਸ: ਨਿਰਮਲ ਸਿੰਘ ਜੀ ਅੰਮ੍ਰਿਤਸਰ | ( ,, 3356) | 804087/338/78 | ,, |
| 357. | ਸ: ਅਜੀਤ ਸਿੰਘ ਜੀ ,, | ( ,, 3357) | 804128/379/78 | 27-3-78 |
| 358. | ਸ: ਨਿਹਾਲ ਸਿੰਘ s/o ਸ: ਗੰਡਾ ਸਿੰਘ | ( ,, 3358) | 804129/380/78 | ,, |
| 359. | ਸ: ਨਿਰਮਲ ਸਿੰਘ s/o ਸ: ਸੂਰਤ ਸਿੰਘ | ( ,, 3359) | 804130/381/78 | ,, |
| 360. | ਸ: ਲਖਮੀਰ ਸਿੰਘ ਜੀ ਛਾਬੜਾ | ( ,, 3360) | 804131/382/78 | ,, |
| 361. | ਸ: ਜਰਨੈਲ ਸਿੰਘ s/o ਸ: ਸਵਰਨ ਸਿੰਘ ਰਾਏ | ( ,, 3361) | 804132/383/78 | ,, |
| 362. | ਸੂਬੇਦਾਰ ਹਰਦਿਤ ਸਿੰਘ ਜੀ | ( ,, 3362) | 804133/384/78 | ,, |

## ਰਿਸ਼ਤੇ ਨਾਤੇ—

ਲੋੜਵੰਦ ਸੱਜਣ ਚਿੱਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ।

ਫ਼ਾਰਮ ਨੰ: 73—ਇਕ 28 ਸਾਲਾ ਅੰਮ੍ਰਿਤਧਾਰੀ ਸਿੰਘ, ਕਦ 61 ਇੰਚ, ਮਿਡਲ ਪਾਸ, ਦੁਕਾਨਦਾਰ, ਨਿਤਨੇਮੀ ਲਈ ਤਿਆਰ-ਬਰ-ਤਿਆਰ ਕੇਸਕੀ ਸਹਿਤ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: 74—ਇਕ 28 ਸਾਲਾ ਅੰਮ੍ਰਿਤਧਾਰੀ ਬੀਬੀ, ਕਦ 62 ਇੰਚ, ਵਿਦਿਆ M. Sc. ਤੇ ਬੀਬੀ ਦਾ ਆਪਣਾ ਬਹੁਤ ਚੰਗਾ ਕਾਰੋਬਾਰ, ਤਿਆਰ-ਬਰ-ਤਿਆਰ ਨਿਤਨੇਮਣ, ਕੇਸਕੀ ਸਹਿਤ ਲਈ ਤਿਆਰ-ਬਰ-ਤਿਆਰ ਮੈਡੀਕਲ/ਸਾਇੰਸ ਗ੍ਰੈਜੂਏਟ ਵਰ ਦੀ ਲੋੜ ਹੈ।

ਫ਼ਾਰਮ ਨੰ: 75—ਇਕ ਅੰਮ੍ਰਿਤਧਾਰੀ ਕੇਸਕੀ ਸੰਯੁਕਤ ਬੀਬੀ, ਉਮਰ 24 ਸਾਲ, ਕਦ ਸਾਢੇ ਪੰਜ ਫੁਟ, ਸਿਹਤ ਚੰਗੀ, ਬੀ. ਏ. ਕੰਪਾਰਟਮੈਂਟ, ਕੀਰਤਨ ਦੀ ਗੁਣੀ, ਸੁਖਮਨੀ ਸਾਹਿਬ ਸਮੇਤ ਨਿਤਨੇਮ ਦੀ ਆਦੀ, ਘਰ ਦੇ ਕੰਮ ਕਾਜ ਵਿਚ ਨਿਪੁੰਨ ਲਈ ਯੋਗ ਤਿਆਰ-ਬਰ-ਤਿਆਰ ਗੁਰਸਿੱਖ ਵਰ ਦੀ ਲੋੜ ਹੈ।

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਸਾਲਾਨਾ ਵੈਸਾਖੀ ਸਮਾਗਮ ਤੇ ਜਨਮ-ਸ਼ਤਾਬਦੀ ਭਾਈ ਸਾਹਿਬ ਰਣਧੀਰ ਸਿੰਘ ਜੀ

**੧੧ ਅਪ੍ਰੈਲ ਮੰਗਲਵਾਰ ਤੋਂ ੧੪ ਅਪ੍ਰੈਲ ੧੯੭੮ ਸ਼ੁਕਰਵਾਰ ਸਵੇਰ ਤਕ**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ੁਭ ਅਉਸਰ ਤੇ ਖੰਡੇ ਦੀ ਧਾਰ ਤੇ ਸਿਖੀ ਪਰਖੀ ਅਤੇ ਖੰਡੇ ਦਾ ਅੰਮ੍ਰਿਤ ਛਕਾ ਕੇ ਨਿਰਭੈ ਖ਼ਾਲਸਾ ਸਾਜਿਆ। ਜਾਗਤ-ਜੋਤਿ ਦੇ ਉਪਾਸ਼ਕ, ਰਹਿਤ-ਬਹਿਤ ਦੇ ਧਾਰਨੀ ਅਤੇ ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੇ ਖ਼ਾਲਸਾ ਜੀ ਨੂੰ ਸਤਿਗੁਰੂ ਜੀ ਨੇ ਆਪਣਾ ਸਰੂਪ ਬਖ਼ਸ਼ਿਆ।

ਖ਼ਾਲਸਾ ਜੀ ਦੇ ਜਨਮ-ਦਿਨ ਵੈਸਾਖੀ ਨੂੰ ਮਨਾਣ ਲਈ ਅਤੇ ਭਗਤੀ ਤੇ ਸ਼ਕਤੀ ਦੇ ਧਾਰਨੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੌ-ਸਾਲਾ ਸ਼ਤਾਬਦੀ ਦੀ ਯਾਦ ਵਿਚ, ਜਾਗਤ-ਜੋਤਿ ਦੇ ਨਾਲ ਜੁੜਨ ਲਈ ਸ੍ਰੀ ਅੰਮ੍ਰਿਤਸਰ ਜੀ ਵਿਖੇ ਹੁਮ-ਹੁਮਾ ਕੇ ਪੁਜੋ। ਅੰਮ੍ਰਿਤ ਸਰੋਵਰ ਵਿਚ ਚੁਭੇ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਅਤੇ ਗੁਰਬਾਣੀ ਦੇ ਨਿਰਬਾਣ ਕੀਰਤਨ ਦੇ ਲਾਹੇ ਪ੍ਰਾਪਤ ਕਰ ਕੇ ਜਨਮ ਸਫਲ ਕਰੋ ਜੀ।

੧੧ ਅਪ੍ਰੈਲ ਸਵੇਰੇ ੪-੩੦ ਤੋਂ ੮-੦੦ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ ੮੩-੮੪ ਅਜੀਤ ਨਗਰ
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ

੧੨ ਅਪ੍ਰੈਲ ਸਵੇਰੇ ੩-੩੦ ਤੋਂ ੮-੧੫ ਆਸਾ ਦੀ ਵਾਰ ਤੇ ਅਖੰਡ ਕੀਰਤਨ (ਦੂਜੀ ਚੌਕੀ ਸਮੇਤ) ਸ੍ਰੀ ਹਰਿਮੰਦਰ ਸਾਹਿਬ ਵਿਖੇ
ਸ਼ਾਮ ੬-੦੦ ਤੋਂ ੯-੩੦ ਅਖੰਡ ਕੀਰਤਨ ਗੁਰਦੁਆਰਾ ਪਿਪਲੀ ਸਾਹਿਬ (ਪੁਤਲੀ ਘਰ) ਵਿਖੇ

੧੩ ਅਪ੍ਰੈਲ ਸਵੇਰੇ ੫-੦੦ ਤੋਂ ੧-੦੦ ਦੁਪਹਿਰ ਤਕ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਅਜੀਤ ਨਗਰ ਵਿਖੇ
ਸ਼ਾਮ ੪-੦੦ ਠੀਕ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਅਜੀਤ ਨਗਰ ਵਿਖੇ
ਰਾਤ ੭-੩੦ ਸੋਦਰ ਤੇ ਰੈਣ ਸਬਾਈ ਕੀਰਤਨ ਅਰੰਭ ਅਜੀਤ ਨਗਰ ਵਿਖੇ, ੧੪ ਅਪ੍ਰੈਲ ਸਵੇਰੇ ਸਮਾਪਤੀ

ਨੋਟ :- ੧ ਰਿਹਾਇਸ਼ ਆਦਿ ਲਈ ੮੩-੮੪ ਅਜੀਤ ਨਗਰ, ਬੈਰੂਨ ਸੁਲਤਾਨਵਿੰਡ ਗੇਟ, ਅੰਮ੍ਰਿਤਸਰ ਜੀ ਪੁਜੋ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

੨. ਸਮਾਗਮ ਤੇ ਅਨੰਦ ਕਾਰਜ ਕਰਾਉਣ ਵਾਲੇ ਪਰਵਾਰ ਪਹਿਲਾਂ ਇਤਲਾਹ ਭੇਜਣ ਜੀ।

ਪੁੱਛ ਗਿੱਛ— ਸੰਗਤਾਂ ਦਾ ਦਾਸਰਾ—ਮੱਲ ਸਿੰਘ (ਜੱਥੇਦਾਰ)

'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ ਸਰਬ ਹਿੰਦ ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ

---

# ਮੁਕਤਸਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੁਹ-ਪ੍ਰਾਪਤ ਧਰਤੀ, ਜਿਥੇ ਭਾਈ ਮਹਾਂ ਸਿੰਘ ਜੀ ਦੀ ਬੇਨਤੀ ਤੇ ਟੁੱਟੀ ਗੰਢੀ ਤੇ ਖਿਦਰਾਣੇ ਤੋਂ ਮੁਕਤਸਰ ਦਾ ਖਿਤਾਬ ਬਖ਼ਸ਼ਿਆ ਗਿਆ, ਉਨ੍ਹਾਂ ਚਾਲੀ ਮੁਕਤਿਆਂ ਦੀ ਧਰਤੀ ਤੇ ਸਾਲਾਨਾ ਜੋੜ ਮੇਲ ੪ ਮਈ ਵੀਰਵਾਰ ਸਵੇਰ ਤੋਂ ੭ਮਈ ੧੯੭੮ ਐਤਵਾਰ ਸਵੇਰ ਤਕ ਹੋ ਰਹੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਓਂ ਪੁਜ ਰਹੇ ਹਨ। ਸਮੂਹ ਸੰਗਤਾਂ ਹੁਮ-ਹੁਮਾ ਕੇ ਪੁਜੋ ਤੇ ਅੰਮ੍ਰਿਤ ਕੀਰਤਨ ਦੇ ਲਾਹੇ ਪ੍ਰਾਪਤ ਕਰੋ। ਪ੍ਰੋਗਰਾਮ ਇਉਂ ਹੈ-

੪ ਮਈ ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ
੫ ਮਈ ਸਵੇਰੇ ੬ ਤੋਂ ੧੦ ਅਖੰਡ ਕੀਰਤਨ ਗੁ: ਟਿੱਬੀ ਸਾਹਿਬ, ਉਪਰੰਤ ੧੧ ਵਜੇ ਤਕ ਕੀਰਤਨ ਸ੍ਰੀ ਦਰਬਾਰ ਸਾਹਿਬ ਵਿਖੇ
੬ ਮਈ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੧੦ ਵਜੇ ਤਕ ਅਖੰਡ ਕੀਰਤਨ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ
ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਅਰੰਭ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ
ਸ਼ਾਮ ਚੌਂਕੀ ਸਾਹਿਬ ਤੋਂ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਸ੍ਰੀ ਦਰਬਾਰ ਸਾਹਿਬ ਵਿਖੇ, ੭ ਮਈ ਸਵੇਰੇ ਸਮਾਪਤੀ
ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਦਸਮੇਸ਼ ਗ: ਹਾਈ ਸਕੂਲ ਮੁਕਤਸਰ ਵਿਖੇ ਹੋਵੇਗਾ।

ਪੁੱਛ ਗਿੱਛ—ਭਾਈ ਗੁਰਦੇਵ ਸਿੰਘ
ਮਕਾਨ ਨੰ: ੩੮੧੨ ਮਲੋਟ ਰੋਡ, ਮੁਕਤਸਰ

ਦਰਸ਼ਨ ਅਭਿਲਾਖੀ—
ਸਮੂਹ ਸੰਗਤ ਮੁਕਤਸਰ

---



www.AKJ.Org